# ਕੈਨੇਡਾ ਦਰਪਣ

ਜੂਨ 20, 1986

**June 20, 1986**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

Second Class Mail Reg. No. 5991

# ਕੈਨੇਡਾ ਦਰਪਣ

The Canada Darpan — Punjabi Weekly Newspaper

WEEKENDING JUNE 20, 1986 Vol. 5 No. 24 Price 35¢ Out of Greater Vancouver 50¢ Ph. (604)581-4473

ਅੰਦਰ ਪੜ੍ਹੋ —


- ਪੰਜਾਬ ਡਾਇਰੀ — ਖੁਸ਼ਵੰਤ ਸਿੰਘ
- ਮੌਕਾਪ੍ਰਸਤੀ ਦਾ ਸ਼ਿਕਾਰ — ਭਾਰਤੀ ਸਿਆਸਤ —ਦਰਬਾਰਾ ਸਿੰਘ ਕਾਹਲੋਂ—
- ਤੀਸਰੇ ਘੱਲੂਘਾਰੇ ਤੋਂ ਬਾਅਦ ਹਰਦਿਆਲ ਸਿੰਘ ਜੌਹਲ
- ਕਹਾਣੀ — ਰਿਸਦੇ ਜ਼ਖਮ
- ਕਕਾਰ ਫੌਜੀ ਵਰਦੀ ਹੈ? —ਮੇਹਰ ਸਿੰਘ ਸੰਧੂ—
- Punjab Crisis


# ਹਰਿਆਣੇ ਵਿਚ ਫੌਜ ਦੀਆਂ 70 ਕੰਪਨੀਆਂ ਤਾਈਨਾਤ

## 21 ਜੂਨ ਨੂੰ ਚੰਡੀਗੜ੍ਹ ਪੰਜਾਬ ਹਵਾਲੇ ਹੋਣ ਸਮੇਂ ਦੰਗਿਆਂ ਦਾ ਡਰ

ਚੰਡੀਗੜ੍ਹ — ਇਕ ਸੂਚਨਾ ਅਨੁਸਾਰ ਕੇਂਦਰ ਸਰਕਾਰ ਨੇ ਫੌਜ ਦੀਆਂ 70 ਕੰਪਨੀਆਂ ਹਰਿਆਣੇ ਦੇ ਵੱਖ ਵੱਖ ਸ਼ਹਿਰਾਂ ਵਿਚ ਤਾਈਨਾਤ ਕਰ ਦਿਤੀਆਂ ਹਨ। ਪੁਲਸ ਨੂੰ ਵੀ ਸੂਚਨਾ ਦੇ ਦਿਤੀ ਗਈ ਹੈ ਕਿ 24 ਘੰਟੇ ਤਿਆਰ ਬਰ ਤਿਆਰ ਰਹੇ। ਖਦਸ਼ਾ ਜ਼ਾਹਿਰ ਕੀਤਾ ਜਾ ਰਿਹਾ ਹੈ ਕਿ 21 ਜੂਨ ਨੂੰ ਚੰਡੀਗੜ੍ਹ ਪੰਜਾਬ ਨੂੰ ਦੇਣ ਸਮੇਂ ਹਿੰਸਾ ਦਾ ਡਰ ਲਗਾਤਾਰ ਬਣਿਆ ਹੋਇਆ ਹੈ।

### ਬੰਸੀ ਲਾਲ ਦਾ ਬਿਆਨ — ਹਰਿਆਣੇ ਨਾਲ ਇਨਸਾਫ਼ ਹੋਵੇਗਾ

ਇਥੇ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਹਰਿਆਣੇ ਦੇ ਮੁੱਖ ਮੰਤਰੀ ਚੌਧਰੀ ਬੰਸੀ ਲਾਲ ਨੇ ਕਿਹਾ ਕਿ ਹਿੰਸਾ ਦਾ ਖਤਰਾ ਸਰਕਾਰ ਮੁੱਲ ਲੈਣ ਲਈ ਤਿਆਰ ਨਹੀਂ। ਇਸੇ ਲਈ ਕੇਂਦਰ ਸਰਕਾਰ ਨੂੰ ਬੇਨਤੀ ਕੀਤੀ ਗਈ ਕਿ ਫੌਜ ਤਾਈਨਾਤ ਕੀਤੀ ਜਾਵੇ। ਬੰਸੀ ਲਾਲ ਨੇ ਕਿਹਾ ਕਿ ਕੇਂਦਰ ਹਰਿਆਣੇ ਨਾਲ ਬੇਇਨਸਾਫੀ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਦੂਜੇ ਸੂਬਿਆਂ ਤੋਂ ਪੁਲਸ ਵੀ ਹੋਰ ਮੰਗਵਾਈ ਜਾ ਰਹੀ ਹੈ। ਬੰਸੀ ਲਾਲ ਨੇ ਕਿਹਾ ਕਿ ਸੂਬੇ ਵਿਚ ਸ਼ਾਂਤੀ ਬਣਾਈ ਰੱਖਣਾ ਸਰਕਾਰ ਦਾ ਫਰਜ਼ ਹੈ। ਉਨ੍ਹਾਂ ਚੌਧਰੀ ਦੇਵੀ ਲਾਲ ਅਤੇ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੂੰ ਬੇਨਤੀ ਕੀਤੀ ਕਿ ਉਹ ਲੋਕਾਂ ਵਿਚ ਭੜਕਾਹਟ ਪੈਦਾ ਨਾ ਕਰਨ। ਪਰ ਦੂਜੇ ਸਿਆਸੀ ਸੂਤਰਾਂ ਦਾ ਕਹਿਣਾ ਹੈ ਕਿ 21 ਜੂਨ ਨੂੰ ਹਰਿਆਣੇ ਵਿਚ ਦੰਗੇ ਭੜਕਣ ਦਾ ਕਾਫੀ ਖਤਰਾ ਹੈ।

### ਕਮਿਸ਼ਨ ਨੇ ਪਿੰਡਾਂ ਦਾ ਫੈਸਲਾ ਕਰ ਦਿਤਾ

ਵੈਂਕਟਰਮਈਆ ਕਮਿਸ਼ਨ, ਜਿਸ ਦੀ ਮਿਆਦ 31 ਮਈ ਤੋਂ 10 ਜੂਨ ਤੱਕ ਵਧਾ ਦਿਤੀ ਸੀ, ਨੇ ਆਪਣੀ ਆਖਰੀ ਰੀਪੋਰਟ ਕੱਲ੍ਹ ਰਾਜੀਵ ਗਾਂਧੀ ਨੂੰ ਪੇਸ਼ ਕਰ ਦਿਤੀ। 29 ਮਈ ਨੂੰ ਕਮਿਸ਼ਨ ਨੇ ਫੈਸਲਾ ਦੇ ਦਿਤਾ ਸੀ ਕਿ ਚੰਡੀਗੜ੍ਹ ਪੰਜਾਬ ਨੂੰ ਦੇ ਦਿਤਾ ਜਾਵੇ ਅਤੇ 15000 ਏਕੜ ਰਾਜਪੁਰਾ ਤਹਿਸੀਲ ਵਿਚੋਂ ਚੰਡੀਗੜ੍ਹ ਦੀ ਥਾਂ ਹਰਿਆਣੇ ਨੂੰ ਦਿਤਾ ਜਾਵੇ। ਕੇਂਦਰ ਸਰਕਾਰ ਨੇ ਦਸ ਦਿਨ ਦੀ ਮਿਆਦ ਹੋਰ ਵਧਾਉਂਦਿਆਂ ਕਿਹਾ ਸੀ ਕਿ ਕਮਿਸ਼ਨ ਦੇਣ ਵਾਲੇ ਪਿੰਡਾਂ ਦਾ ਵੀ ਫੈਸਲਾ ਕਰ ਦੇਵੇ। ਕੇਂਦਰ ਸਰਕਾਰ ਹਰਿਆਣੇ ਨੂੰ ਰਾਜਧਾਨੀ ਬਨਾਉਣ ਲਈ ਰਕਮ ਦੇਵੇਗੀ।

### ਕੈਬਨਿਟ ਮੀਟਿੰਗ

ਵੈਂਕਟਰਮਈਆ ਕਮਿਸ਼ਨ ਦੀ ਰੀਪੋਰਟ ਮਿਲਣ ਉਤੇ ਰਾਜੀਵ ਗਾਂਧੀ ਨੇ ਕੈਬਨਿਟ ਮੀਟਿੰਗ ਬੁਲਾਈ ਜਿਸ ਵਿਚ ਕਮਿਸ਼ਨ ਦੀ ਰੀਪੋਰਟ ਉਤੇ ਵਿਚਾਰ ਕੀਤਾ ਗਿਆ। ਇਕ ਹੋਰ ਮੀਟਿੰਗ ਅੱਜ ਹੋਵੇਗੀ ਜਿਸ ਵਿਚ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਤਬਾਦਲੇ ਦਾ ਫੈਸਲਾ ਦੋਵੇਂ ਮੁੱਖ ਮੰਤਰੀ ਆਪਸ ਵਿਚ ਗਲਬਾਤ ਰਾਹੀਂ ਕਰਨ।

## "ਕਿਸੇ ਨੂੰ ਮਾਰਨਾ ਸਿਖ ਧਰਮ ਦੇ ਵਿਰੁੱਧ ਹੈ"

### ਰੌਸ ਗੁਰਦੁਆਰੇ ਦੇ ਪ੍ਰਧਾਨ ਸਿੱਧੂ ਦਾ ਬਿਆਨ

ਵੈਨਕੂਵਰ — 'ਸਨ' ਅਖਬਾਰ ਦੀ ਖਬਰ ਅਨੁਸਾਰ ਰੌਸ ਗੁਰਦੁਆਰੇ ਦੀ ਕਮੇਟੀ ਦੇ ਪ੍ਰਧਾਨ ਜੋਗਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਉਹ ਹਿੰਸਾ ਦੇ ਵਿਰੁੱਧ ਹਨ। ਉਨ੍ਹਾਂ ਕਿਹਾ ਕਿ ਉਹ ਸਥਾਨਕ ਸਿੱਖਾਂ ਨੂੰ ਸਲਾਹ ਦਿੰਦੇ ਹਨ ਕਿ ਉਹ ਹਿੰਸਾ ਨੂੰ ਨਾ ਅਪਨਾਉਣ। "ਕਿਸੇ ਨੂੰ ਮਾਰਨਾ ਸਿਖ ਧਰਮ ਦੇ ਵਿਰੁੱਧ ਹੈ।" ਜੋਗਿੰਦਰ ਸਿੰਘ ਸਿੱਧੂ ਨੇ 'ਸਨ' ਅਖਬਾਰ ਨੂੰ ਦੱਸਿਆ।

'ਘੱਲੂਘਾਰਾ ਸਪਤਾਹ' ਮਨਾਉਣ ਸਮੇਂ ਰੌਸ ਗੁਰਦੁਆਰੇ ਦੇ ਪ੍ਰਧਾਨ ਨੇ ਕਿਹਾ, "ਤੁਸੀਂ ਕਿਸੇ ਵੀ ਦੇਸ਼ ਵਿਚ ਰਹਿੰਦੇ ਹੋਵੋ ਤੁਸੀਂ ਆਤਮਿਕ ਤੌਰ ਉਤੇ ਹਰਿਮੰਦਰ ਸਾਹਿਬ ਨਾਲ ਜੁੜੇ ਰਹਿੰਦੇ ਹੋ। ਜਦੋਂ ਇਜ਼ਰਾਈਲ ਵਿਚ ਕੋਈ ਸੰਕਟ ਹੁੰਦਾ ਹੈ ਤਾਂ ਦੁਨੀਆਂ ਦੇ ਸਾਰੇ ਯਹੂਦੀ ਇਕੱਠੇ ਹੋ ਜਾਂਦੇ ਹਨ। ਜਦੋਂ ਪੋਪ ਉਤੇ ਗੋਲੀ ਚਲਾਈ ਗਈ ਤਾਂ ਉਸਦੇ ਸਾਰੇ ਮੰਨਣ ਵਾਲਿਆਂ ਨੂੰ ਸਦਮਾ ਪੁੱਜਾ। ਜਦੋਂ ਹਰਿਮੰਦਰ ਸਾਹਿਬ ਉਤੇ ਹਮਲਾ ਹੋਇਆ ਤਾਂ ਉਹ ਸਾਡੇ ਵਿਸ਼ਵਾਸ਼ ਉਤੇ ਹਮਲਾ ਸੀ।"

ਰੌਸ ਗੁਰਦੁਆਰੇ ਵਿਚ ਘੱਲੂਘਾਰਾ ਸਪਤਾਹ ਮਨਾਇਆ ਗਿਆ। 1984 ਵਿਚ ਹੋਏ ਹਰਿਮੰਦਰ ਉਤੇ ਹਮਲੇ ਨਾਲ ਅਖਬਾਰ ਅਨੁਸਾਰ 1300 ਵਿਅਕਤੀ ਮਾਰੇ ਗਏ ਸਨ। ਅਖਬਾਰ ਨੇ ਲਿਖਿਆ ਹੈ ਕਿ ਦੋ ਸਾਲ ਪੰਜਾਬ ਵਿਚ ਕਤਲਾਂ ਤੇ ਬੰਬ ਧਮਾਕਿਆਂ ਪਿਛੋਂ ਇੰਦਰਾ ਗਾਂਧੀ ਨੇ ਹਮਲੇ ਦਾ ਹੁਕਮ ਦਿਤਾ ਜਿਸਦੇ ਸਿਟੇ ਵਜੋਂ ਛੇ ਮਹੀਨੇ ਬਾਅਦ ਉਹ ਵੀ ਗੋਲੀਆਂ ਨਾਲ ਮਾਰੀ ਗਈ।

ਸਿੱਧੂ ਨੇ ਅਖਬਾਰ ਨੂੰ ਦੱਸਿਆ ਕਿ ਹਮਲੇ ਕਾਰਨ ਜੋ ਰਾਜਨੀਤਕ ਝਗੜਾ ਸ਼ੁਰੂ ਹੋਇਆ ਉਸ ਦਾ ਅਸਰ ਭਾਰਤ ਅਤੇ ਕੈਨੇਡਾ ਵਿਚ ਵੀ ਹੋਇਆ ਪਰ ਸਿਆਸਤ ਦਾ ਇਸ ਦਿ ਨ ਮਨਾਉਣ ਨਾਲ ਕੋਈ ਵਾਸਤਾ ਨਹੀਂ। "ਜਦੋਂ ਤੁਹਾਡੇ ਨਜ਼ਦੀਕੀ ਮਾਰੇ ਜਾਂਦੇ ਹਨ ਤਾਂ ਸਿਆਸਤ ਵਿਚ ਨਹੀਂ ਆਉਂਦੀ।"

ਅੰਮ੍ਰਿਤਸਰ ਵਿਚ ਘੱਲੂਘਾਰੇ ਸਪਤਾਹ ਦੌਰਾਨ 14 ਵਿਅਕਤੀ ਮਾਰੇ ਗਏ ਹਨ।

ਵਿਰਕ ਫ਼ਾਰਮਵਰਕਰਜ਼ ਸਪਲਾਈ ਕੰਪਨੀ ਲਿਮਟਿਡ

ਨੂੰ

ਫ਼ਾਰਮ ਵਰਕਰਾਂ ਦੀ ਲੋੜ ਹੈ

ਸਾਡੇ ਕੋਲ ਸਟਰਾਅ ਬੇਰੀ, ਰਸ ਬੇਰੀ, ਬਲੂ ਬੇਰੀ, ਗੋਭੀ, ਛੱਲੀਆਂ ਅਤੇ Winter ਬੇਰੀ ਦਾ ਕੰਮ ਹੈ। ਸਾਰਾ ਸੀਜ਼ਨ ਕੰਮ ਚੱਲੇਗਾ। ਘਰੋਂ ਕੰਮ ਤੇ ਅਤੇ ਕੰਮ ਤੋਂ ਘਰ ਛੱਡਿਆ ਜਾਵੇਗਾ। ਕੀਤੇ ਕੰਮ ਦੀਆਂ ਸਟੈਂਪਾਂ ਦਿੱਤੀਆਂ ਜਾਣਗੀਆਂ।

ਹੋਰ ਜਾਣਕਾਰੀ ਲਈ ਫੋਨ ਕਰੋ :

ਫੋਨ : 325-1027 ਜਾਂ 321-4963

ਭਗਤ ਸਿੰਘ

# "ਪੰਜਾਬ ਵਿਚ ਜੋ ਵਾਪਰਦਾ ਹੈ - ਵੱਖਰਾ ਮਸਲਾ ਹੈ — "ਸੰਧੂ"

## ਹਿੰਸਾ ਤੋਂ ਤੋਬਾ ਕਰਨ ਦੇ ਬਿਆਨ ਦਿਤੇ ਜਾਣ ਲੱਗੇ

ਵੈਨਕੂਵਰ — ਪ੍ਰੋਵਿੰਨਸ ਦੇ ਸਲੀਮ ਜੀਵਾ ਅਨੁਸਾਰ ਹਿੰਸਾ ਦੀਆਂ ਘਟਨਾਵਾਂ ਤੋਂ ਸੁਚੇਤ ਹੋ ਕੇ ਸਿੱਖ ਨੇਤਾਵਾਂ ਨੇ ਅਮਨ ਦਾ ਸੱਦਾ ਦਿਤਾ ਹੈ। ਵਰਲਡ ਸਿਖ ਆਰਗੇਨਾਈਜੇਸ਼ਨ ਨੇ ਕੈਨੇਡਾ ਮਿਲੀਟੈਂਟਾਂ ਦੀ ਇਕ ਛੋਟੀ ਜੁੰਡੀ ਨੂੰ ਮੁੱਖ ਰਖਕੇ ਤਕਰੀਬਨ ਇਕ ਲੱਖ ਡਾਲਰ ਇਕੱਠਾ ਕਰਨ ਦੀ ਮੁਹਿਮ ਚਲਾਈ ਹੈ।

ਮਿਲੀਟੈਂਟਾਂ ਨੂੰ ਜੋ ਕਿ ਵੱਖਰੇ ਖਾਲਿਸਤਾਨ ਦੀ ਮੰਗ ਕਰ ਰਹੇ ਹਨ ਨੂੰ ਹਿੰਸਾ ਤਿਆਗਣ ਲਈ ਪ੍ਰੇਰਤ ਕੀਤਾ ਜਾਵੇਗਾ। ਇਸ ਮੁਹਿਮ ਦਾ ਮੁਖ ਨਿਸ਼ਾਨਾ ਇਹ ਵੀ ਹੋਵੇਗਾ ਕਿ ਕਿਵੇਂ ਕੈਨੇਡਾ ਵਿਚ ਵਸਦੇ 20000 ਸਿੱਖਾਂ ਨੂੰ ਕੈਨੇਡੀਅਨ ਲੋਕਾਂ ਵਲੋਂ ਸੰਭਾਵਿਤ ਗੁੱਸੇ ਨੂੰ ਰੋਕਣ ਲਈ ਉਪਰਾਲੇ ਕੀਤੇ ਜਾਣਗੇ ਇਹ ਗੱਲ W.S.O. ਦੇ ਆਗੂ ਗਿਆਨ ਸਿੰਘ ਸੰਧੂ ਨੇ ਕਹੀ।

ਉਸਨੇ ਕਿਹਾ ਕਿ ਕੈਨੇਡੀਅਨ ਲੋਕਾਂ ਨੂੰ ਵਿਸ਼ਵਾਸ਼ ਕਰਨਾ ਚਾਹੀਦਾ ਹੈ ਕਿ ਸਿੱਖ ਅਮਨ-ਪਸੰਦ ਹਨ ਬਜਾਏ ਇਸਦੇ ਕਿ ਵਾਪਰੀਆਂ ਘਟਨਾਵਾਂ ਦਾ ਪ੍ਰਭਾਵ ਉਲਟਾ ਪਵੇ।

ਸੰਧੂ ਜੋ ਵਿਲੀਅਮਜ਼ਲੇਕ ਦਾ ਰਹਿਣ ਵਾਲਾ ਹੈ ਤੇ W.S.O. ਦਾ ਕੈਨੇਡਾ ਵਿਚਲਾ ਪ੍ਰਧਾਨ ਹੈ ਨੇ ਦੱਸਿਆ ਕਿ ਹਿੰਸਕ ਘਟਨਾਂਵਾਂ ਦਾ ਖੰਡਨ ਕਰਨ ਦਾ ਫੈਸਲਾ ਪਿਛਲੇ ਸਪਤਾਹ ਦੇ ਅੰਤ ਵਿਚ ਇਕ ਉਚ ਪੱਧਰੀ ਮੀਟਿੰਗ ਵਿਚ ਟੋਰਾਂਟੋ ਵਿਚ ਕੀਤਾ ਗਿਆ।

ਬਾਅਦ ਵਿਚ ਸੰਧੂ ਟੋਰਾਂਟੋ ਤੋਂ ਵਾਸ਼ਿੰਗਟਨ ਨੂੰ ਉਡਾਰੀ ਮਾਰ ਗਿਆ ਤੇ W.S.O. ਦੇ ਅਮਰੀਕਾ ਵਿਚਲੇ ਲੀਡਰ ਜਸਵੰਤ ਸਿੰਘ ਭੁੱਲਰ ਨੂੰ ਅਤੇ ਕੈਲੇਫੋਰਨੀਆ ਦੇ ਇਕ ਕਰੋੜਪਤੀ ਜ਼ਿਮੀਂਦਾਰ ਨੂੰ ਜਿਸਦਾ ਕਿ ਰਿਚਮੰਡ ਵਿਚ ਇਕ ਬਿਲੂਬੇਰੀ ਫਾਰਮ ਵੀ ਹੈ, ਮਿਲਣ ਗਿਆ।

ਸੰਧੂ ਦੇ ਕਹਿਣ ਮੁਤਾਬਕ ਬੀਤੇ ਵਿਚ ਹੋਈਆਂ ਹਿੰਸਕ ਘਟਨਾਵਾਂ ਅਤੇ ਪੰਜਾਬ ਦੇ ਮੰਤਰੀ ਸ: ਮਲਕੀਅਤ ਸਿੰਘ ਸਿੱਧੂ ਤੇ ਵੈਨਕੂਵਰ ਜਜ਼ੀਰੇ ਵਿਚ ਹੋਏ ਘਾਤਕ ਹਮਲੇ ਕਾਰਨ ਸਿਖ ਨੇਤਾ ਕਾਫੀ ਸੁਚੇਤ ਹੋ ਗਏ ਹਨ। ਇਕ ਹੋਰ ਵੈਨਕੂਵਰ ਵਿਚਲੇ W.S.O. ਦੇ ਆਗੂ ਦਲਜੀਤ ਸਿੰਘ ਸੰਧੂ ਨੇ ਕਿਹਾ ਕਿ ਹਿੰਸਾ "ਸਿੱਖਾਂ ਦੇ ਕਾਰਜ ਨੂੰ ਨੁਕਸਾਨ ਪਹੁੰਚਾ ਰਹੀ ਹੈ।" ਉਸ ਨੇ ਕਿਹਾ ਕਿ "ਅਸੀਂ ਹਿੰਸਾ ਦੇ ਸਮਰਥਕ ਬਿਲਕੁਲ ਨਹੀਂ।" ਸੰਧੂ ਇਕ ਉਘਾ ਸਿਖ ਰੀਅਲ ਇਸਟੇਟ (ਘਰਾਂ ਦੀ ਜਾਇਦਾਦ ਦੀ ਖਰੀਦ ਫਰੋਖਤ ਲਈ) ਹੈ ਨੇ ਕਿਹਾ ਕਿ "ਪੰਜਾਬ ਵਿਚ ਜੋ ਵੀ ਵਾਪਰਦਾ ਹੈ ਇਹ ਵਾਸਤਵ ਵਿਚ ਇਕ ਵੱਖਰਾ ਮਸਲਾ ਹੈ

W.S.O. ਇਕ ਉਹ ਜਥੇਬੰਦੀ ਹੈ ਜੋ ਪੰਜਾਬ ਸਟੇਟ ਵਿਚ ਵਸਦੇ ਸਿੱਖਾਂ ਲਈ ਇਕ ਵਖਰੇ ਰਾਜ ਦੀ ਮੰਗ ਕਰਦੀ ਹੈ। ਇਸ ਜਥੇਬੰਦੀ ਦੇ ਲੀਡਰਾਂ ਦਾ ਕਹਿਣਾ ਹੈ ਕਿ ਉਹਨਾਂ ਦਾ ਮੁਖ ਨਿਸ਼ਾਨਾ ਪੱਛਮੀ ਦੇਸ਼ਾਂ ਦੀਆਂ ਸਰਕਾਰਾਂ ਨੂੰ ਅਮਨ ਭਰਪੂਰ ਢੰਗ ਨਾਲ ਇਹ ਦੱਸਣਾ ਹੈ ਕਿ ਕਿਵੇਂ ਦਿੱਲੀ ਦੀ ਸਰਕਾਰ ਸਿੱਖਾਂ ਦੇ ਸਭਿਆਚਾਰ ਤੇ ਦਿਖ ਨੂੰ ਨਿਯੋਜਿਤ ਢੰਗ ਨਾਲ ਖਤਮ ਕਰ ਰਹੀ ਹੈ।

ਸ੍ਰੀ ਮਲਕੀਅਤ ਸਿੰਘ ਸਿੱਧੂ ਤੇ ਕਾਤਲਾਨਾ ਹਮਲੇ ਅਤੇ ਏਅਰ ਇੰਡੀਆ ਦੇ ਜਹਾਜ਼ ਨੂੰ ਉਡਾ ਦੇਣ ਦੀ ਸਾਜ਼ਸ਼ 'ਚ ਫੜੇ ਜਾਣ ਕਾਰਨ ਕੈਨੇਡਾ ਦੇ ਕਾਨੂੰਨ ਮੰਤਰੀ ਨੇ RCMP ਅਤੇ CSIS ਨੂੰ ਸਖਤੀ ਕਰਨ ਦੀਆਂ ਹਿਦਾਇਤਾਂ ਕੀਤੀਆਂ ਹਨ।

# ਪ੍ਰਮਾਣੂ ਪਲਾਂਟ ਵਿਰੁੱਧ ਵਿਖਾਵਾ

ਹੈਮਬਰਗ — ਹਜ਼ਾਰਾਂ ਪ੍ਰਮਾਣੂ ਵਿਰੋਧੀ ਮੁਜ਼ਾਹਰਾਕਾਰੀਆਂ ਨੇ ਪੱਛਮੀ ਜਰਮਨੀ ਵਿਚ ਇਕ ਨਵੇਂ ਪ੍ਰਮਾਣੂ ਪਲਾਂਟ ਨੂੰ ਚਾਲੂ ਕਰਨ ਤੋਂ ਰੋਕਣ ਲਈ ਭਾਰੀ ਮੁਜ਼ਾਹਰਾ ਕੀਤਾ। ਇਸ ਮੁਜ਼ਾਹਰੇ ਵਿਚ ਹਜ਼ਾਰਾਂ ਦੀ ਤਦਾਦ ਵਿਚ ਪੱਛਮੀ ਜਰਮਨੀ ਦੇ ਲੋਕਾਂ ਨੇ ਹਿੱਸਾ ਲਿਆ। ਇਹ ਪ੍ਰਮਾਣੂ ਪਲਾਂਟ ਜੋ ਉਸਾਰੀ ਅਧੀਨ ਸੀ ਛੇਤੀ ਹੀ ਚਾਲੂ ਹੋਣ ਵਾਲਾ ਹੈ ਲੋਕ ਨਹੀਂ ਚਾਹੁੰਦੇ ਕਿ ਇਸ ਨੂੰ ਚਾਲੂ ਕੀਤਾ ਜਾਵੇ ਲੋਕ ਚੇਰਨੋਵਾਇਲ ਦੁਰਘਟਨਾ ਦੇ ਡਰੇ ਹੋਏ ਹਨ ਤੇ ਨਹੀਂ ਚਾਹੁੰਦੇ ਕਿ ਉਹਨਾਂ ਦੀਆਂ ਜ਼ਿੰਦਗੀਆਂ ਖਤਰੇ ਵਿਚ ਪੈਣ। ਮੁਜ਼ਾਹਰਾਕਾਰੀ ਦੂਜੇ ਦਿਨ ਵੀ ਇਥੇ ਇਕੱਠੇ ਹੋਏ ਅਤੇ ਪੁਲੀਸ ਨਾਲ ਝੜਪਾਂ ਵੀ ਹੋਈਆਂ ਸਿੱਟੇ ਵਜੋਂ ਤਿੰਨ ਸੌ ਵਿਖਾਵਾਕਾਰੀ ਗ੍ਰਿਫਤਾਰ ਕੀਤੇ ਗਏ।

# "ਮੌਤ ਦੇ ਵਣਜਾਰੇ"

ਲੇਕ ਸਿਟੀ — ਹਥਿਆਰ ਜੋ ਕਤਲਾਂ ਲਈ ਵਰਤੇ ਜਾਂਦੇ ਹਨ, ਜਿਹਨਾਂ ਤੇ 'ਲੇਜ਼ਰ ਬੀਮ' ਹਨ ਜੋ ਇਕ ਕਿਸਮ ਦੀਆਂ ਘਾਤਕ ਕਿਰਨਾਂ ਹਨ ਅਤੇ ਭਾਰੀ ਮਾਤਰਾ ਵਿਚ ਸਵੈ ਚਾਲਕ ਹਥਿਆਰ ਅਮਰੀਕਾ ਦੇ ਇਕ ਸ਼ਹਿਰ ਵਿਚ ਫੜੇ ਗਏ ਹਨ। ਇਹ ਹਥਿਆਰ ਜੋ ਗੈਰ ਕਾਨੂੰਨੀ ਢੰਗਾਂ ਨਾਲ ਖਾਸ ਕਰਕੇ ਮੱਧ-ਪੂਰਬ ਦੇ ਮੁਲਕਾਂ ਵਿਚ ਅਤੇ ਤੀਸਰੀ ਦੁਨੀਆਂ ਦੇ ਮੁਲਕਾਂ ਵਿਚ ਭੇਜੇ ਜਾਣੇ ਸਨ। ਮੌਤ ਦੇ ਇਹ ਵਣਜਾਰੇ ਸਿਰਫ ਮੁਨਾਫਾਖੋਰੀ ਨੂੰ ਮੁਖ ਰਖਦੇ ਹਨ ਮਨੁੱਖਤਾ ਨੂੰ ਨਹੀਂ। ਇਹ ਹਥਿਆਰ ਇਸ ਕਰਕੇ ਫੜੇ ਗਏ ਹਨ ਕਿ ਇਹ ਗੈਰ ਕਾਨੂੰਨੀ ਢੰਗ ਨਾਲ ਬਾਹਰ ਜਾ ਰਹੇ ਸਨ ਇਸ ਕਰਕੇ ਨਹੀਂ ਕਿ ਇਹ ਹਥਿਆਰ ਮਨੁੱਖਤਾ ਦੇ ਵਿਰੁਧ ਵਰਤੇ ਜਾਣੇ ਸਨ।

ਆਪਣੇ ਵਪਾਰ ਵਿਚ ਵਾਧਾ ਕਰਨ
ਲਈ ਇਕੋ ਇਕ ਨਾਂ ਯਾਦ ਰੱਖੋ
'ਕੈਨੇਡਾ ਦਰਪਣ'
ਫੋਨ : 581-4473

# ਜ਼ਮਾਨਤਾਂ ਦਾ ਫੈਸਲਾ ਰਾਖਵਾਂ ਰੱਖ ਲਿਆ

ਵੈਨਕੂਵਰ — 'ਪ੍ਰੋਵਿੰਨਸ' ਅਖਬਾਰ ਦੀ ਖਬਰ ਅਨੁਸਾਰ ਅਮਰਜੀਤ ਸਿੰਘ ਢੀਂਡਸਾ, ਜਸਪਾਲ ਸਿੰਘ ਅਟਵਾਲ, ਜਸਵੀਰ ਸਿੰਘ ਅਟਵਾਲ ਤੇ ਸੁਖਦਿਆਲ ਸਿੰਘ ਗਿੱਲ ਜਿਨ੍ਹਾਂ ਨੂੰ ਪੰਜਾਬ ਦੇ ਯੋਜਨਾ ਮੰਤਰੀ ਸ: ਮਲਕੀਅਤ ਸਿੰਘ ਸਿੱਧੂ ਉਤੇ ਕਾਤਲਾਨਾ ਹਮਲੇ ਦੇ ਦੋਸ਼ ਵਿਚ ਚਾਰਜ ਕੀਤਾ ਗਿਆ ਦੀਆਂ ਜ਼ਮਾਨਤਾਂ ਰੱਦ ਕਰਨ ਦੀ ਸੁਣਵਾਈ ਤੋਂ ਪਿਛੋਂ ਫੈਸਲਾ ਰਾਖਵਾਂ ਰੱਖ ਲਿਆ ਗਿਆ ਹੈ।

ਬੀ. ਸੀ. ਸੁਪਰੀਮ ਕੋਰਟ ਦੇ ਜੱਜ ਸੈਮੁਅਲ ਦੁਆਏ ਨੇ ਸੋਮਵਾਰ ਕਥਿਤ ਦੋਸ਼ੀਆਂ ਦੇ ਵਕੀਲਾਂ ਅਤੇ ਸਰਕਾਰੀ ਵਕੀਲਾਂ ਦੀਆਂ ਦਲੀਲਾਂ ਸੁਣੀਆਂ।

ਸਰਕਾਰੀ ਵਕੀਲ ਜਿਮ ਟੇਲਰ ਨੇ ਕੋਰਟ ਨੂੰ ਕਿਹਾ ਕਿ ਅਧਿਕਾਰੀਆਂ ਦਾ ਵਿਸ਼ਵਾਸ਼ ਹੈ ਕਿ ਇਹ ਆਦਮੀ ਜਾਂ ਤਾਂ ਜ਼ਮਾਨਤਾਂ ਦੇ ਹੁੰਦਿਆਂ ਵੀ ਦੌੜ ਜਾਣਗੇ ਜਾਂ ਕੋਈ ਹਿੰਸਾਤਮਕ ਕੰਮ ਵੀ ਕਰ ਸਕਦੇ ਹਨ।

ਡੀਫੈਂਸ ਦੇ ਵਕੀਲਾਂ ਨੇ ਕਿਹਾ ਕਿ ਇਹ ਸਬੂਤ ਮੌਜੂਦ ਹੈ ਕਿ 30 ਮਈ ਨੂੰ ਜ਼ਮਾਨਤਾਂ ਕਰਨ ਸਮੇਂ ਜੱਜ ਨੇ ਗਲਤੀ ਕੀਤੀ ਹੋਵੇ।

ਸਰਕਾਰੀ ਵਕੀਲ ਟੇਲਰ ਨੇ ਕਿਹਾ ਕਿ 25 ਮਈ ਨੂੰ ਮਲਕੀਅਤ ਸਿੰਘ ਸਿੱਧੂ ਤਿੰਨ ਹੋਰ ਸਵਾਰੀਆਂ ਨਾਲ ਕਾਰ ਵਿਚ ਸਫਰ ਕਰ ਰਿਹਾ ਸੀ ਤਾਂ ਉਸ ਸਮੇਂ ਕਾਲੀ ਪੌਂਟੀਆਕ ਕਾਰ ਨੇ ਕੈਂਬਲ ਰਿਵਰ ਤੇ ਟੈਹਸਾਸ ਵਿਚਕਾਰ ਇਕ ਉਜਾੜ ਥਾਂ ਉਤੇ ਉਨ੍ਹਾਂ ਦੀ ਕਾਰ ਰੋਕ ਲਈ।

ਇਕ ਆਦਮੀ ਕੋਲ ਪਿਕ ਹੈਂਡਲ ਸੀ ਦੂਜੇ ਨੇ ਕਾਰ ਦੇ ਸ਼ੀਸ਼ੇ ਤੋੜੇ ਅਤੇ ਪੌਂਟੀਆਕ ਕਾਰ ਵਿਚੋਂ ਇਕ ਨੇ 32 ਕੈਲੀਬਰ ਹੈਂਡਗੰਨ ਨਾਲ ਪੰਜ ਫਾਇਰ ਕੀਤੇ। ਦੋ ਗੋਲੀਆਂ ਸਿੱਧੂ ਦੇ ਵੱਜੀਆਂ — ਇਕ ਬਾਂਹ ਵਿਚ ਅਤੇ ਇਕ ਛਾਤੀ ਵਿਚ। ਸਿੱਧੂ ਵਾਪਸ ਭਾਰਤ ਪਰਤ ਗਏ ਹਨ।

ਉਪਰੋਕਤ ਚਾਰੇ ਕਥਿਤ ਦੋਸ਼ੀ 75 ਮਿੰਟ ਪਿਛੋਂ ਇਕ ਵੈਨ ਵਿਚੋਂ ਫੜੇ ਗਏ।

## ਪ੍ਰੈਸ ਰੀਲੀਜ਼

3 ਤੋਂ 6 ਸਾਲ ਤਕ ਦੀ ਉਮਰ ਦੇ ਛੋਟੇ ਬੱਚਿਆਂ ਲਈ ਅੰਗਰੇਜ਼ੀ ਦੀਆਂ ਕਲਾਸਾਂ ਲਿਟਲ ਮਾਊਨਟੇਨ ਨੇਬਰਹੁੱਡ ਹਾਊਸ ਵਲੋਂ ਚਲਾਈਆਂ ਜਾ ਰਹੀਆਂ ਹਨ। ਇਹ ਕਲਾਸਾਂ 8 ਜੁਲਾਈ ਤੋਂ 26 ਅਗਸਤ 1986 ਤਕ ਚਲਣਗੀਆਂ। ਪਤਾ ਹੈ ਲਿਟਲ ਮਾਊਨਟੇਨ ਨੇਬਰਹੁਡ ਹਾਊਸ 3981 ਮੇਨ ਸਟਰੀਟ (24 ਐਵੇਨਿਊ ਦੇ ਨੇੜੇ) ਵੈਨਕੂਵਰ। ਫੀਸ 15 ਡਾਲਰ ਇਕ ਬੱਚੇ ਲਈ। ਈ. ਐਸ. ਐਲ. ਟੀਚਰ ਦਾ ਪ੍ਰਬੰਧ ਹੈ। ਸਮਾਂ 10 ਤੋਂ 11.30 ਹਰ ਮੰਗਲਵਾਰ ਸਵੇਰੇ। ਦਾਖਲੇ ਅਤੇ ਜਾਣਕਾਰੀ ਲਈ ਫੋਨ ਕਰੋ : 879-7104 ਅਤੇ ਕੁਲਜੀਤ ਨਾਲ ਗੱਲ ਕਰੋ।

To protect your family, your mortgage, or to ensure your childrens' education, for an RRSP or an annuity, contact:

AVTAR S. RANDHAWA
B.A., B.T.




Six times National Quality Award Winner

Metropolitan Insurance Companies

AVTAR S. RANDHAWA
687-5871 (office) or 325-3562 (Residence)
700-1176 W. GEORGIA ST. VANCOUVER.

ਜੇਕਰ ਤੁਸੀਂ ਨਵਾਂ ਜਾਂ ਪੁਰਾਣਾ ਫਰਨੀਚਰ ਖ੍ਰੀਦਣਾ ਜਾਂ ਟ੍ਰੇਡ ਕਰਨਾ ਹੋਵੇ ਤਾਂ ਸਾਡੇ ਸਟੋਰ ਤੇ ਦਰਸ਼ਨ ਦਿਓ

Ph: 874-9525

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

ROYAL
new & used
FURNITURE

● ਲਿਵਿੰਗ ਰੂਮ ● ਡਾਇਨਿੰਗ ਰੂਮ ● ਬੈੱਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ

* New * Used or * Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ



ਰੌਇਲ ਫਰਨੀਚਰ ਲਿਮ:

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ. (At 10th Ave. East)

# ਜਾਗੀਰਦਾਰ ਧੜਾ ਵੱਖਰਾ ਅਕਾਲੀ ਦਲ ਬਣਾਵੇਗਾ

ਚੰਡੀਗੜ੍ਹ — ਪਤਾ ਲੱਗਾ ਹੈ ਕਿ 22 ਜੂਨ ਨੂੰ ਜਾਗੀਰਦਾਰ ਧੜੇ ਨੇ ਇਕ ਵੱਖਰੀ ਕਨਵੈਨਸ਼ਨ ਸੱਦੀ ਹੈ ਜਿਸ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸ਼ਰੋਮਣੀ ਅਕਾਲੀ ਦਲ ਦਾ ਨਵਾਂ ਪ੍ਰਧਾਨ ਨਿਯੁਕਤ ਕੀਤਾ ਜਾਵੇਗਾ

ਇਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਵੀ ਦੋ ਧੜਿਆਂ ਵਿਚ ਵੰਡਿਆ ਜਾਵੇਗਾ । ਇਸ ਤੋਂ ਪਹਿਲਾਂ ਅਕਾਲੀ ਦਲ ਕਈ ਧੜਿਆਂ ਵਿਚ ਵੰਡਿਆ ਹੋਇਆ ਹੈ । ਸ਼੍ਰੋਮਣੀ ਅਕਾਲੀ ਦਲ (ਤਲਵੰਡੀ), ਸੰਯੁਕਤ ਅਕਾਲੀ ਦਲ ਜਿਸਨੂੰ ਬਾਬਾ ਦਲ ਵੀ ਕਿਹਾ ਜਾਂਦਾ ਹੈ, ਸ਼੍ਰੋਮਣੀ ਅਕਾਲੀ ਦਲ (ਮਾਸਟਰ ਤਾਰਾ ਸਿੰਘ) ਆਦਿ ।

ਯਾਦ ਰਹੇ ਕਿ ਜਾਗੀਰਦਾਰ ਧੜੇ ਦੇ ਵਿਧਾਇਕਾਂ ਨੇ ਪਹਿਲਾਂ ਰਜਵਾੜੇ ਅਮਰਿੰਦਰ ਸਿੰਘ ਨੂੰ ਵਿਧਾਇਕ ਪਾਰਟੀ ਦਾ ਨੇਤਾ ਚੁਣ ਲਿਆ ਸੀ ।

ਅਪੁਸ਼ਟ ਖਬਰਾਂ ਅਨੁਸਾਰ ਜਥੇਦਾਰ ਟੌਹੜਾ ਅਤੇ ਮੁੱਖ ਮੰਤਰੀ ਬਰਨਾਲਾ ਵਿਚਕਾਰ ਗੁਪਤ ਮੀਟਿੰਗਾਂ ਅਜੇ ਵੀ ਜਾਰੀ ਹਨ । ਅਗਲੇ ਦਿਨਾਂ ਵਿਚ ਜਾਗੀਰਦਾਰ ਧੜੇ ਨੂੰ ਇਕ ਵੱਡਾ ਹੁਝਕਾ ਲੱਗਣ ਦੀ ਸੰਭਾਵਨਾ ਰੱਦ ਨਹੀਂ ਕੀਤੀ ਜਾ ਸਕਦੀ ।

# ਪੁਲਸ ਨੇ ਦਹਿਸ਼ਤਪਸੰਦੀ ਨਾਲ ਸੁਲਝਣ ਲਈ ਸੂਬਾ ਸਰਕਾਰ ਦੀ ਮੱਦਦ ਮੰਗੀ

ਵੈਨਕੂਵਰ — ਖਬਰਾਂ ਅਨੁਸਾਰ ਪੁਲਸ ਨੇ ਸੂਬਾ ਸਰਕਾਰ ਨੂੰ ਕਿਹਾ ਹੈ ਕਿ ਉਹ ਮਾਲੀ ਇਮਦਾਦ ਕਰੇ ਤਾਂ ਹੀ ਪੁਲਸ ਅਤੇ ਭਾਰਤੀ-ਕੈਨੇਡੀਅਨਾਂ ਵਿਚਕਾਰ ਖੜ੍ਹੀ ਚੁੱਪ ਦੀ ਕੰਧ ਤੋੜੀ ਜਾ ਸਕਦੀ ਹੈ ।

ਅਸਿਸਟੈਂਟ ਆਰ. ਸੀ. ਐਮ. ਪੀ. ਕਮਿਸ਼ਨਰ ਦਾ ਬਿਆਨ ਜੋ ਅਖਬਾਰਾਂ ਵਿਚ ਛਪਿਆ ਹੈ ਉਸ ਅਨੁਸਾਰ ਇੰਡੋ-ਕਨੇਡੀਅਨ ਕਮਿਊਨਿਟੀ ਪੁਲਸ ਨੂੰ ਸਹਿਯੋਗ ਨਹੀਂ ਦੇ ਰਹੀ । ਪੁਲਸ ਕਮਿਸ਼ਨਰ ਨੇ ਕਿਹਾ ਕਿ ਦਹਿਸ਼ਤਪਸੰਦਾਂ ਨੂੰ ਤਾਂ ਹੀ ਫੜਿਆ ਜਾ ਸਕਦਾ ਹੈ ਜੇ ਕਮਿਊਨਿਟੀ ਸਹਿਯੋਗ ਦੇਵੇ ।

ਪੁਲਸ ਕਮਿਸ਼ਨਰ ਨੇ ਕਿਹਾ ਕਿ ਸਿੱਖ-ਵਿਰੋਧੀ ਭਾਵਨਾਵਾਂ ਭੜਕਣ ਦਾ ਖਤਰਾ ਇਸ ਗੱਲੋਂ ਵੱਧ ਗਿਆ ਹੈ ਕਿਉਂਕਿ ਪਿਛਲੇ ਸਾਲ ਏਅਰ-ਇੰਡੀਆ ਦਾ ਜਹਾਜ਼ ਬੰਬ ਨਾਲ ਉਡਾਇਆ ਗਿਆ ਤੇ ਪਿਛਲੇ ਦਿਨੀਂ ਪੰਜਾਬ ਦੇ ਇਕ ਮੰਤਰੀ ਉਤੇ ਦਹਿਸ਼ਤਪਸੰਦਾਂ ਵਲੋਂ ਹਮਲਾ ਕੀਤਾ ਗਿਆ ।

ਖਬਰਾਂ ਅਨੁਸਾਰ ਜੋ ਵੀ ਤਹਿਕੀਕਾਤ ਹੁਣ ਤੱਕ ਕੀਤੀ ਜਾਂਦੀ ਰਹੀ ਹੈ ਉਹ ਅਟਵਾ ਸਰਕਾਰ ਦੀ ਸਹਾਇਤਾ ਨਾਲ ਹੀ ਕੀਤੀ ਜਾਂਦੀ ਹੈ — ਪੁਲਸ ਕਮਿਸ਼ਨਰ ਨੇ ਕਿਹਾ ਕਿ ਸੂਬਾ ਸਰਕਾਰ ਅਤੇ ਮਿਉਂਸਪਲ ਕਮੇਟੀਆਂ ਨੂੰ ਇਹ ਮੱਦਦ ਦੇਣੀ ਪਵੇਗੀ ਤਾਂਕਿ ਸਿੱਖ ਭਾਈਚਾਰੇ ਵਿਰੁੱਧ ਗੁੱਸਾ ਰੋਕਿਆ ਜਾ ਸਕੇ ।

ਟੌਮ ਵੈਨਰ ਦੇ ਬਿਆਨ ਦਾ ਸਿੱਖ ਭਾਈਚਾਰੇ ਦੇ ਆਗੂਆਂ ਵਲੋਂ ਸੁਆਗਤ ਕੀਤਾ ਦੱਸਿਆ ਗਿਆ ਹੈ । ਪਰ ਉਨ੍ਹਾਂ ਕਿਹਾ ਕਿ ਲੋਕ ਡਰਦੇ ਸੂਚਨਾ ਦੇਣ ਤੋਂ ਘਬਰਾਉਂਦੇ ਹਨ ।

# ਟੋਰੀ ਸਰਕਾਰ ਦਾ ਰੁਜ਼ਗਾਰ ਪ੍ਰੋਗਰਾਮ ਅਸਥਿਰਤਾ ਦੇ ਘੇਰੇ ਵਿਚ

ਅਟਵਾ — ਕੈਨੇਡੀਅਨ ਪ੍ਰੈਸ ਦੀ ਖਬਰ ਅਨੁਸਾਰ ਰੁਜ਼ਗਾਰ ਮਹਿਕਮੇ ਵਿਚੋਂ ਇਕ ਚਿੱਠੀ ਬਾਹਰ ਆਈ ਤੇ ਲਿਬਰਲਾਂ ਤਕ ਪਹੁੰਚ ਗਈ ਜਿਸ ਵਿਚ ਰੁਜ਼ਗਾਰ ਮਹਿਕਮੇ ਦੇ ਡਾਇਰੈਕਟਰ ਸ੍ਰੀ ਪੀਟਰ ਹਿਕਸ ਨੇ ਲਿਖਿਆ ਹੈ ਕਿ ਰੁਜ਼ਗਾਰ ਦੇ ਮੌਕੇ ਵਧਾਉਣ ਸਬੰਧੀ ਪ੍ਰੋਗਰਾਮ ਬੜੀਆਂ ਕਠਿਨਾਈਆਂ ਵਿਚੋਂ ਗੁਜ਼ਰ ਰਿਹਾ ਹੈ ।ਇਹ ਦਸਤਾਵੇਜ ਲਿਬਰਲ ਐਮ. ਪੀ. ਸ੍ਰੀ ਮੁੰਜਿਆਤਾ ਦੇ ਹੱਥ ਲਗ ਗਈ । ਰੁਜ਼ਗਾਰ ਦੀ ਮੰਗ ਪੂਰਾ ਕਰਨਾ ਆਦਿ ਕਠਿਨ ਹੋ ਰਿਹਾ ਹੈ ਅਤੇ ਵਿਕਾਸ ਪਰੋਗਰਾਮ ਦਰਖਾਸਤਾਂ ਤੇ ਨਿਰਣਾ ਲੈਣ ਦਾ ਕੰਮ ਬਹੁਤ ਹੌਲੀ ਹੋ ਰਿਹਾ ਹੈ ।

ਇਹ ਪਰੋਗਰਾਮ ਜਿਸ ਲਈ ਪਿਛਲੇ ਸਾਲ 2.1 ਬਿਲੀਅਨ ਡਾਲਰ ਦੀ ਰਕਮ ਵਿਚੋਂ 700 ਮਿਲੀਅਨ ਡਾਲਰ ਖਰਚ ਕਰਨੇ ਮਿਥੇ ਗਏ ਤੇ ਖਰਚ ਸਿਰਫ 337.4 ਮਿਲੀਅਨ ਡਾਲਰ ਹੀ ਕੀਤੇ ਗਏ । ਇਸ ਸਾਲ ਸਿਰਫ 395.5 ਮਿਲੀਅਨ ਡਾਲਰ ਹੀ ਅਲਾਟ ਕੀਤੇ ਗਏ ਹਨ ।

ਪਰ ਫਲੋਰਾ ਮੈਕਡਾਨਲਡ ਜੋ ਰੁਜ਼ਗਾਰ ਮੰਤਰੀ ਹੈ ਨੇ ਇਸ ਤਰ੍ਹਾਂ ਦੇ ਕਿਸੇ ਵੀ ਪ੍ਰੋਗਰਾਮ ਤੋਂ ਇਨਕਾਰ ਕੀਤਾ ਕਿ ਅਸੀਂ ਫੰਡ ਘਟਾਏ ਹਨ ।

## ਪ੍ਰੈਸ ਰੀਲੀਜ਼

ਕੀ ਤੁਸੀਂ ਅੰਗਰੇਜ਼ੀ ਚੰਗੀ ਤਰ੍ਹਾਂ ਬੋਲਣੀ ਅਤੇ ਲਿਖਣੀ ਜਾਨਣਾ ਚਾਹੁੰਦੇ ਹੋ ? ਲਿਟਲ ਮਾਊਨਟੇਨ ਨੇਬਰਹੁਡ ਹਾਊਸ ਜੋ 3981 ਮੇਨ ਸਟਰੀਟ ਵੈਨਕੂਵਰ ਤੇ ਹੈ ਹਰ ਬੁੱਧਵਾਰ ਸ਼ਾਮ 7 ਤੋਂ 9 ਵਜੇ ਤੱਕ ਅੰਗਰੇਜ਼ੀ ਦੀਆਂ ਕਲਾਸਾਂ ਲਾਈਆਂ ਜਾਂਦੀਆਂ ਹਨ । ਕੋਈ ਫੀਸ ਨਹੀਂ ਹੈ । ਕਲਾਸਾਂ ਦੋਸਤਾਨਾ ਅਤੇ ਸਾਧਾਰਣ ਮਹੌਲ ਵਿਚ ਹੁੰਦੀਆਂ ਹਨ । ਆਪਣੀ ਅੰਗਰੇਜ਼ੀ ਬੋਲਣ ਦੀ ਪ੍ਰੈਕਟਿਸ ਕਰੋ । ਸਿਖੋ ਅਤੇ ਅਗੇ ਵਧੋ ਆਪਣੇ ਕੰਮ ਵਿਚ ਆਪਣੀ ਸੋਸਾਇਟੀ ਵਿਚ । ਹੋਰ ਜਾਣਕਾਰੀ ਲਈ ਕੁਲਜੀਤ ਨੂੰ ਫੋਨ ਕਰੋ 879-7104

# ਹੋਰ ਭਿਆਨਕ ਪ੍ਰਮਾਣੂ-ਲੀਕ ਦੁਰਘਟਨਾਵਾਂ ਦਾ ਡਰ

ਟਰਾਂਟੋ — ਅਪ੍ਰੈਲ 26 ਚੇਰਨੌਬਾਇਲ ਦੁਰਘਟਨਾ ਤੋਂ ਵੀ ਵੱਧ ਭਿਆਨਕ ਦੁਰਘਟਨਾਵਾਂ ਵਾਪਰਨ ਦਾ ਸੰਦੇਹ ਹੈ । ਇਹ ਖਿਆਲ ਇਕ 26 ਮੈਂਬਰੀ ਅਮਰੀਕਨ ਪ੍ਰਮਾਣੂ ਉਦਯੋਗ ਦੇ ਲਾਬੀ ਗਰੁਪ ਨੇ ਪ੍ਰਗਟ ਕੀਤੇ ਹਨ । ਉਹਨਾਂ ਅਨੁਸਾਰ "ਚੇਰਨੌਬਾਇਲ ਦੁਰਘਟਨਾ ਸ਼ਾਇਦ ਸਭ ਤੋਂ ਭਿਆਨਕ ਨਾ ਹੋਵੇ" ਇਹ ਵਿਚਾਰ ਊਰਜਾ ਚੌਕਸੀ ਕਮੇਟੀ ਦੇ ਉਪ ਪ੍ਰਧਾਨ ਦੇ ਸਨ ।

ਉਹ ਕਨੇਡੀਅਨ ਪ੍ਰਮਾਣੂ ਐਸੋ: ਅਤੇ ਕੈਨੇਡੀਅਨ ਪ੍ਰਮਾਣੂ ਸੁਸਾਇਟੀ ਦੀ ਸਾਂਝੀ ਮੀਟਿੰਗ ਵਿਚ ਬੋਲ ਰਹੇ ਸਨ ।

# 'ਕੌਂਟਰਾਜ਼' ਨੇ ਪੱਛਮੀ ਜਰਮਨ ਨਾਗਰਿਕ ਰਿਹਾ ਕੀਤੇ

ਮਨਾਗੂਆ — ਬਗਾਵਤੀ ਕੌਂਟਰਾਜ਼ ਨੇ ਪਿਛਲੇ ਮਹੀਨੇ ਅੱਠ ਪੱਛਮੀ ਜਰਮਨ ਨਾਗਰਿਕ ਜੋ ਨਿਕਾਰਗੁਆ ਵਿਚ ਵਾਲੰਟੀਅਰ ਵਜੋਂ ਕੰਮ ਕਰ ਰਹੇ ਸਨ ਅਗਵਾ ਕਰ ਲਏ ਸਨ । ਪਿਛਲੇ ਮੰਗਲਵਾਰ ਨਿਕਾਰਗੁਆ ਦੀ ਸੈਂਡੀਨਿਸਟਾ ਸਰਕਾਰ ਨੇ ਬਗਾਵਤੀ ਕੌਂਟਰਾਜ਼ ਨੇ ਚੇਤਾਵਨੀ ਦਿਤੀ ਕਿ ਇਹਨਾਂ ਨੂੰ ਰਿਹਾ ਕਰ ਦੇਣ ਨਹੀਂ ਤਾਂ ਇਸਦੇ ਭਿਆਨਕ ਸਿੱਟੇ ਨਿਕਲਣਗੇ । ਇਸ ਚੇਤਾਵਨੀ ਦੇਣ ਦੇ ਲਗਭਗ ਤੀਹ ਮਿੰਟ ਬਾਅਦ ਇਹਨਾ ਅਮਰੀਕਨ ਪਿੱਠੂਆਂ(ਕੌਂਟਰਾਜ਼) ਨੇ ਬੰਦੀ ਕੀਤੇ ਜਰਮਨਾ ਨੂੰ ਛੱਡ ਦਿਤਾ । ਇਸਦੀ ਪ੍ਰੋੜ੍ਹਤਾ ਹੋਂਡੂਰਾਸ ਵਿਚ ਅਮਰੀਕਨ ਮਦਦ ਨਾਲ ਲਗਾਇਆ ਇਸ ਬਗਾਵਤੀ ਟੋਲੇ ਦੇ ਲੀਡਰ ਦੁਆਰਾ ਕੀਤੀ ਗਈ । ਇਸ ਟੋਲੇ ਦਾ ਨਾਂ F.D.N. ਹੈ ਜੋ ਅਮਰੀਕਾ ਦੇ ਇਸ਼ਾਰਿਆਂ ਤੇ ਨਿਕਾਰਗੁਆ ਵਿਚ ਰਾਜ ਪਲਟਾ ਲਿਆਉਣਾ ਚਾਹੁੰਦੇ ਹਨ ।


## ਫ਼ਾਰਮ ਵਿਚ ਕੰਮ ਕਰਨ ਵਾਲਿਆਂ ਲਈ ਖੁਸ਼ਖਬਰੀ!

- ਕੰਮ ਗੁਡਾਈ ਦਾ ਸ਼ੁਰੂ ਹੋ ਚੁੱਕਾ ਹੈ
- ਕੰਮ ਪਿਛਲੇ ਸਾਲ ਵਾਂਗ ਦਸੰਬਰ ਤੱਕ ਚੱਲੇਗਾ
- ਕੰਮ ਸਟਰਾਅ ਬੇਰੀ, ਰਸਬੇਰੀ, ਬਲੂਬੇਰੀ, ਕਰੈਨਬੇਰੀ, ਤੇ ਸਬਜ਼ੀਆਂ ਦਾ ਹੋਵੇਗਾ
- ਪੂਰੀਆਂ ਸਟੈਂਪਾਂ ਦਿੱਤੀਆਂ ਜਾਣਗੀਆਂ
- ਅੱਜ ਹੀ ਟੈਲੀਫੂਨ ਕਰੋ : ਸਵੇਰੇ ਹੀ ਕੰਮ ਤੇ ਚੱਲੋ

ਇਕ ਵੈਨ ਡਰਾਈਵਰ ਦੀ ਵੀ ਲੋੜ ਹੈ

ਹੋਰ ਜਾਣਕਾਰੀ ਲਈ :

ਮੇਜਰ ਸਿੰਘ 584-8359

BINING ENTERPRISES LTD.


# ਫੀਰੋਜ਼ਪੁਰ ਵਿਚ ਦੋ ਕਤਲ

ਫੀਰੋਜ਼ਪੁਰ — ਫੀਰੋਜ਼ਪੁਰ ਜ਼ਿਲਾ ਅਮਨ ਕਮੇਟੀ ਦੇ ਦੋ ਮੈਂਬਰ ਦਹਿਸ਼ਤਪਸੰਦਾਂ ਵਲੋਂ ਗੋਲੀਆਂ ਨਾਲ ਭੁੰਨ ਦਿਤੇ ਗਏ ਅਤੇ ਇਕ ਨੂੰ ਸਖਤ ਜ਼ਖਮੀ ਹਾਲਤ ਵਿਚ ਹਸਪਤਾਲ ਪਹੁੰਚਾਇਆ ਗਿਆ ਹੈ । ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਅਮਨ ਕਮੇਟੀ ਦੇ ਮੈਂਬਰਾਂ ਦੀ ਮੀਟਿੰਗ ਖਤਮ ਹੋਈ ।

ਦੋ ਮੈਂਬਰ ਮੌਕੇ ਉਤੇ ਹੀ ਦਮ ਤੋੜ ਗਏ । ਯਾਦ ਰਹੇ ਕਿ ਸਰਕਾਰ ਵਲੋਂ ਜ਼ਿਲਾ ਪੱਧਰ ਤੇ ਤਹਿਸੀਲ ਪੱਧਰ ਉਤੇ ਅਮਨ ਕਮੇਟੀਆਂ ਸਥਾਪਤ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚ ਸਾਰੀਆਂ ਪਾਰਟੀਆਂ ਦੇ ਪ੍ਰਤੀਨਿਧ ਸ਼ਾਮਲ ਹਨ ।

# ਕਰਨਾਟਕ ਦਾ ਕਾਂਗਰਸੀ ਨੇਤਾ ਅਸਤੀਫਾ ਦੇ ਗਿਆ

ਕਰਨਾਟਕ — ਵਿਰੋਧੀ ਕਾਂਗਰਸੀ ਪਾਰਟੀ ਦੇ ਨੇਤਾ ਨੇ ਆਪਣਾ ਅਸਤੀਫਾ ਦੇ ਦਿਤਾ ਜਿਸ ਸਮੇਂ ਹਾਈ ਕੋਰਟ ਵਲੋਂ ਉਸ ਵਿਰੁਧ ਰੀਮਾਰਕਸ ਦਿਤੇ ਗਏ ।

ਕਾਂਗਰਸੀ (ਆਈ) ਦੇ ਇਸ ਨੇਤਾ ਵਿਰੁਧ ਜਨਤਾ ਪਾਰਟੀ ਦੇ ਮੈਂਬਰਾਂ ਨੇ ਦੋਸ਼ ਲਾਇਆ ਸੀ ਕਿ ਉਨ੍ਹਾਂ ਨੇ ਪਹਿਲੀ ਵਜ਼ਾਰਤ ਸਮੇਂ ਹੇਰਾਫੇਰੀ ਕੀਤੀ ।

# ਨੈਲਸਨ ਮੰਡੇਲਾ ਐਵੇਨਿਊ?

ਵੈਨਕੂਵਰ — ਦੱਖਣੀ ਅਫਰੀਕਾ ਦੀ ਨਸਲਵਾਦੀ ਚਿੱਟੀ ਸਰਕਾਰ ਦੁਆਰਾ ਜੇਲ ਵਿਚ ਡੱਕੇ ਸੁਤੰਤਰਤਾ ਸੰਗਰਾਮੀ ਨੈਲਸਨ ਮੰਡੇਲਾ ਦੇ ਨਾਂ ਉਤੇ ਵੈਨਕੂਵਰ ਸਿਟੀ ਕੌਂਸਲ ਛੇਤੀ ਹੀ ਕੋਈ ਪਬਲਿਕ ਸਥਾਨ ਦਾ ਜਾਂ ਕਿਸੇ ਗਲੀ ਦਾ ਨਾਂ ਰੱਖੇਗੀ । ਪਿਛਲੀ ਸਿਟੀ ਕੌਂਸਲ ਦੀ ਮੀਟਿੰਗ ਵਿਚ ਇਹ ਫੈਸਲਾ ਲਿਆ ਗਿਆ । ਇਹ ਮਤਾ ਜੈਫ ਕੀਗਲੇ ਨੇ ਪੇਸ਼ ਕੀਤਾ ਉਹਨਾਂ ਸਿਟੀ ਕੌਂਸਲ ਨੂੰ ਅਨੁਰੋਧ ਕੀਤਾ ਕਿ ਉਹ ਅਪਾਰਥਾਈਡ (ਨਸਲਵਾਦੀ ਸਰਕਾਰ) ਨੂੰ ਖਤਮ ਕਰਨ ਦੇ ਘੋਲ ਦੀ ਅਗਵਾਈ ਕਰਨ ਲਈ ਪਹਿਲ ਕਦਮੀ ਕਰੇ । ਜੈਫ ਕੀਗਲੇ ਜੋ ਕਿ ਕੈਨੇਡਾ ਵਿਚ ਦੱਖਣੀ ਅਫਰੀਕਾ ਦੀ ਟਰੇਡ ਯੂਨੀਅਨ ਕਾਂਗਰਸ ਨਾਲ ਕੈਨੇਡੀਅਨ ਸੌਲੀਡੇਰਿਟੀ ਕਮੇਟੀ ਵਿਚ ਹਨ ।

ਕੌਂਸਲ ਨੇ ਦੱਖਣੀ ਅਫਰੀਕਨ ਚੀਜ਼ਾਂ ਬਰਾਮਦ ਵਿਰੁੱਧ 7-2 ਬਹੁਗਿਣਤੀ ਨਾਲ ਮਤਾ ਪਾਸ ਕੀਤਾ ਤੇ ਕਿਸੇ ਪਬਲਿਕ ਸਥਾਨ ਨੂੰ ਸ੍ਰੀ ਮੰਡੇਲਾ ਦਾ ਨਾਂ ਰੱਖਣ ਲਈ 5-4 ਦੀ ਬਹੁਗਿਣਤੀ ਨਾਲ ਇਹ ਮਤਾ ਪਾਸ ਕੀਤਾ । ਜੋ ਚਾਰ ਕੌਂਸਲਰਾਂ ਨੇ ਵਿਰੋਧ ਕੀਤਾ ਇਹ ਵਪਾਰੀ N P A ਗਰੁਪ ਦੇ ਸਨ ।


ਆਪਣੇ ਵਪਾਰ ਵਿਚ ਵਾਧਾ ਕਰਨ ਲਈ ਇਕੋ ਇਕ ਨਾਂ ਯਾਦ ਰੱਖੋ
'ਕੈਨੇਡਾ ਦਰਪਣ'
ਫੋਨ : 581-4473

**Star Drywall Construction Co. Ltd.**

- Complete Drywall Service
- Guaranteed Work
- Free Estimates

Sahib or Nake
Ph. (604) 590-2501
P.O.BOX 639
SURREY, B.C. V3T 5L9

**BOMBAY SWEETS**
& Restaurants
6556 - 6560 MAIN ST. VANCOUVER
Ph. 321-1414
874-5722
For Largest Variety in Indian Sweets
*Delicious Indian food*

THE CANADA DARPAN
(Punjabi Weekly Newspaper)
P.O.BOX 265
Surrey, B.C. V3T 4W8
Chief Editor: (Hon.) DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ । ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।
Ph. 581-4473

## ਸੰਪਾਦਕੀ

# ਨਮੋਸ਼ੀ ਅਤੇ ਇਸ ਦਾ ਹੱਲ

ਕੈਨੇਡਾ ਵਿਚ ਰਹਿ ਰਿਹਾ ਸਿਖ ਭਾਈਚਾਰਾ ਪਿਛਲੇ ਕੁਝ ਹਫਤਿਆਂ ਤੋਂ ਇਕ ਗੁੱਸੇ-ਭਰੀ ਨਮੋਸ਼ੀ ਵਿਚੋਂ ਗੁਜ਼ਰ ਰਿਹਾ ਹੈ। ਪੱਛਮੀ ਮੀਡੀਏ ਨੇ ਜਿਸ ਤਰ੍ਹਾਂ ਸਮੁੱਚੇ ਸਿਖ ਭਾਈਚਾਰੇ ਨੂੰ ਬਦਨਾਮ ਕਰਨਾ ਸ਼ੁਰੂ ਕੀਤਾ ਹੈ ਉਸ ਤੋਂ ਜਾਪਦਾ ਹੈ ਕਿ ਪੁਲਸ ਅਤੇ ਸਰਕਾਰ ਆਪਣੀ ਨਾਕਾਮਯਾਬੀ ਨੂੰ ਲਕੋਣ ਲਈ ਅਜਿਹੇ ਹੱਥਕੰਡੇ ਵਰਤ ਰਹੀ ਹੈ ਜਿਸ ਨਾਲ ਇਸ ਭਾਈਚਾਰੇ ਵਿਰੁੱਧ ਨਸਲਵਾਦੀ ਹਿੰਸਾ ਭੜਕਾਈ ਜਾ ਸਕੇ। ਸਿੱਖ ਭਾਈਚਾਰਾ ਅਤੇ ਹਿੰਦੂ ਭਾਈਚਾਰਾ ਦੋਵੇਂ ਹੀ ਇਸ ਢੰਗ ਨਾਲ ਪੇਸ਼ ਕੀਤੇ ਜਾ ਰਹੇ ਹਨ ਜਿਵੇਂ ਇਹ ਇਕ ਦੂਜੇ ਦੇ ਦੋਖੀ ਹੋਣ। ਸੁਰਖੀਆਂ ਵਿਚ ਹਰ ਦਹਿਸ਼ਤਪਸੰਦੀ ਦੀ ਕਾਰਵਾਈ ਸਾਰੇ ਸਿੱਖਾਂ ਦੇ ਨਾਂ ਉਤੇ ਠੋਸੀ ਜਾ ਰਹੀ ਹੈ — ਪੰਜਾਬ ਦੀਆਂ ਖਬਰਾਂ ਦੀਆਂ ਸੁਰਖੀਆਂ ਲਾਉਣ ਲੱਗਿਆਂ ਵੀ ਸਿੱਖਾਂ ਅਤੇ ਹਿੰਦੂਆਂ ਵਿਚਕਾਰ ਇਕ ਦੀਵਾਰ ਖੜ੍ਹੀ ਹੋਈ ਦਰਸਾਈ ਜਾਂਦੀ ਹੈ।

ਜੂਨ 1984 ਤੋਂ ਪਿਛੋਂ ਆਮ ਸਿੱਖ ਤੇ ਹਿੰਦੂ ਦਾ ਮਨ ਪੰਜਾਬ ਵਿਚ ਕੇਂਦਰ ਸਰਕਾਰ ਵੱਲੋਂ ਅਤੇ ਅਤਿਵਾਦੀ ਵੱਖਵਾਦੀ ਅਨਸਰਾਂ ਵੱਲੋਂ ਕੀਤੀਆਂ ਜਾ ਰਹੀਆਂ ਕਾਰਵਾਈਆਂ ਕਾਰਨ ਦੁੱਖੀ ਹੋਇਆ। ਨਵੰਬਰ ਦੇ ਸਿੱਖਾਂ ਵਿਰੁੱਧ ਦੰਗਿਆਂ ਨੇ ਗੁੱਸਾ ਹੋਰ ਵੀ ਭੜਕਾਇਆ। ਰਹਿੰਦੀ ਕਸਰ ਕਮਿਊਨਿਟੀ ਦੇ ਕੁਝ ਅਖਬਾਰਾਂ ਨੇ ਪੂਰੀ ਕੀਤੀ ਜਿਨ੍ਹਾਂ ਲੋਕਾਂ ਨੂੰ ਭੜਕਾ ਕੇ ਆਪਣਾ ਵਪਾਰ ਵਧਾਉਣ ਦਾ ਵਸੀਲਾ ਮਿਥ ਲਿਆ। ਕਈਆਂ ਦੇ ਤਾਂ ਦੋਵੇਂ ਹੱਥੀਂ ਲੱਡੂ ਆ ਗਏ। ਇਨ੍ਹਾਂ ਦਾ ਸਿੱਟਾ ਇਹ ਨਿਕਲਿਆ ਕਿ ਕੁਝ ਅਨਸਰ ਆਪਣੇ ਆਪ ਨੂੰ ਇਹ ਸਮਝਣ ਲੱਗ ਪਿਆ ਕਿ ਲੀਡਰੀ ਚਮਕਾਉਣ ਦਾ ਵਕਤ ਹੀ ਹੁਣ ਆਇਆ ਹੈ। ਜਿਹੜੇ 'ਮਹਾਂ ਪੁਰਸ਼' ਕਮਿਊਨਿਟੀ ਦੇ ਨਾ ਤਿੰਨਾਂ ਵਿਚ ਸਨ ਨਾ ਤੇਰਾਂ ਵਿਚ - ਉਹ ਕੁਝ ਦਿਨਾਂ ਵਿਚ ਹੀ ਆਪਣੇ ਆਪ ਨੂੰ 'ਲੀਡਰ' ਸਮਝਣ ਲੱਗ ਪਏ।

ਕਮਿਊਨਿਟੀ ਵਿਚ ਨਾਮੁਰਾਦ ਕਿਸਮ ਦੀਆਂ ਘਟਨਾਵਾਂ ਵਾਪਰੀਆਂ। ਕਿਤੇ ਕੁਟ-ਕੁਟਾਪਾ ਹੋਇਆ, ਫੋਨਾਂ ਉਤੇ ਇਕ ਦੂਜੇ ਨੂੰ ਘਟੀਆ ਸ਼ਬਦਾਵਲੀ ਵਰਤੀ ਜਾਂਦੀ ਰਹੀ, ਅਮਨ ਅਤੇ ਸ਼ਾਂਤੀ ਦਾ ਪ੍ਰਚਾਰ ਕਰਨ ਵਾਲਿਆਂ ਨੂੰ ਗ਼ਦਾਰੀ ਦੇ ਤਾਅਨੇ ਦਿਤੇ ਜਾਂਦੇ ਰਹੇ — ਅਖਬਾਰਾਂ ਵਾਲਿਆਂ ਨੂੰ ਗਾਲ੍ਹਾਂ, ਦੁਪੜਾਂ ਕੱਢੀਆਂ ਜਾਂਦੀਆਂ ਰਹੀਆਂ — ਸਿਆਣੇ ਤੇ ਪ੍ਰਵਾਰਾਂ ਵਾਲੇ ਵਿਅਕਤੀ ਚੁੱਪ ਕਰਕੇ ਘਰੀਂ ਬੈਠ ਗਏ ਪਰ ਰਾਜਸੀ ਤੌਰ ਤੇ ਚੇਤੰਨ ਵਿਅਕਤੀ ਉਦੋਂ ਵੀ ਸਮਝਦੇ ਸਨ ਕਿ ਕਮਿਊਨਿਟੀ ਨੂੰ ਇਹ ਘਟਨਾਵਾਂ ਬਹੁਤ ਮਹਿੰਗੀਆਂ ਪੈਣਗੀਆਂ

ਹੁਣ ਜਿਸ ਤਰ੍ਹਾਂ ਵੱਖ ਵੱਖ ਸੰਸਥਾਵਾਂ ਅਜਿਹੇ ਵਿਅਕਤੀਆਂ ਨਾਲੋਂ ਆਪਣਾ ਨਾਤਾ ਤੋੜ ਰਹੀਆਂ ਹਨ — ਜੇ ਇਹ ਉਸ ਸਮੇਂ ਹੀ ਸੰਜੀਦਗੀ ਭਰੇ ਕਦਮ ਚੁਕਦੀਆਂ ਤਾਂ ਇਹ ਦਿਨ ਕਮਿਊਨਿਟੀ ਨੂੰ ਨਾ ਵੇਖਣੇ ਪੈਂਦੇ। ਕਮਿਊਨਿਟੀ ਸਾਹਮਣੇ ਮੁੱਠੀ ਭਰ ਵਿਅਕਤੀਆਂ ਦੀ ਕੋਈ ਅਹਿਮੀਅਤ ਨਹੀਂ ਅਤੇ ਨਾ ਹੀ ਹੋਣੀ ਚਾਹੀਦੀ ਹੈ। ਅਜਿਹੇ ਵਿਅਕਤੀਆਂ ਦੇ ਕੁਕਰਮਾਂ ਨੂੰ ਲੁਕੋਣ ਦੀ ਥਾਂ ਜੇ ਪਿਛਲੇ ਦੋ ਸਾਲ ਤੋਂ ਹੀ ਇਨ੍ਹਾਂ ਦੀ ਨਿਖੇਧੀ ਕੀਤੀ ਜਾਂਦੀ ਤਾਂ ਸਾਨੂੰ ਅਖਬਾਰਾਂ ਅਤੇ ਟੀ. ਵੀ. ਉਤੇ ਏਨਾ ਸ਼ਰਮਸਾਰ ਨਾ ਹੋਣਾ ਪੈਂਦਾ। ਅਜੇ ਵੀ ਵਕਤ ਹੈ ਕਿ ਇੱਕੜ ਦੁੱਕੜ ਵਿਅਕਤੀਆਂ ਦੇ ਵਿਅਕਤੀਗਤ ਕਾਰਿਆਂ ਨੂੰ ਕਮਿਊਨਿਟੀ ਖੁਲ੍ਹੇ ਰੂਪ ਵਿਚ ਨਿੰਦੇ ਅਤੇ ਕੈਨੇਡਾ ਸਰਕਾਰ ਉਤੇ ਜ਼ੋਰ ਪਾਵੇ ਕਿ ਅਜਿਹੇ ਕਾਲੇ ਕਾਰਨਾਮਿਆਂ ਨਾਲ ਕਮਿਊਨਿਟੀ ਦਾ ਕੋਈ ਸਬੰਧ ਨਹੀਂ।

---

ਜਿਸ ਦਿਨ ਘੜੀਆਂ ਜਿਉਂ ਮੜ੍ਹੀਆਂ ਵਿਚ
ਨੱਚਣ ਭੂਤ ਨਗਰ ਦੇ
ਵੇਖੇ ਛਾਵਾਂ ਦੇ ਗਲ ਲਗ ਕੇ
ਚਾਨਣ ਹਉਕੇ ਭਰਦੇ।

# ਪੰਜਾਬ ਡਾਇਰੀ

—ਖੁਸ਼ਵੰਤ ਸਿੰਘ—



## ਗਵਰਨਰ ਦਾ ਰੋਲ

ਪਹਿਲੀ ਚੀਜ਼ ਜੋ ਗਵਰਨਰ ਦੀ ਰਿਹਾਇਸ਼ਗਾਹ ਵਿਚ ਨਜ਼ਰ ਖਿਚਦੀ ਹੈ ਉਹ ਹੈ ਆਇਤ ਕਿਸਮ ਦਾ ਲੱਕੜ ਦਾ ਬਣਿਆ ਟੇਬਲ ਜੋ ਅੰਦਰ ਵੜਦਿਆਂ ਹੀ ਨਜ਼ਰ ਪੈਂਦਾ ਹੈ ਅਤੇ ਜਿਸ ਉਤੇ ਪੰਜਾਬ ਦੇ ਗਵਰਨਰਾਂ ਅਤੇ ਉਨ੍ਹਾਂ ਦੇ ਗਵਰਨਰ ਬਣੇ ਰਹਿਣ ਦੇ ਸਮਾਂ-ਕਾਲ ਦਾ ਪਤਾ ਲੱਗਦਾ ਹੈ। ਇਹ ਸੂਚੀ ਸਰ ਚੰਦੂ ਲਾਲ ਤਰਵੇਦੀ ਨਾਲ ਹੁੰਦੀ ਹੈ ਅਤੇ ਸਿਧਾਰਥ ਸ਼ੰਕਰ ਰੇਅ ਨਾਲ ਖਤਮ ਹੁੰਦੀ ਹੈ। 38 ਸਾਲ ਦੇ ਸਮੇਂ ਵਿਚ (ਆਜ਼ਾਦੀ ਤੋਂ ਮਗਰੋਂ) 22 ਗਵਰਨਰ ਪੰਜਾਬ ਦੇ ਬਣੇ ਹਨ — ਪਿਛਲੇ ਚਾਰ ਸਾਲਾਂ ਵਿਚ ਪੰਜ ਗਵਰਨਰ ਬਣੇ ਹਨ। ਭਾਰਤ ਦੇ ਕਿਸੇ ਹੋਰ ਸੂਬੇ ਨੂੰ ਅਜਿਹਾ 'ਮਾਣ' ਪ੍ਰਾਪਤ ਨਹੀਂ। ਪੰਜਾਬ ਹੀ ਇਕ ਅਜਿਹਾ ਸੂਬਾ ਹੈ ਜਿਥੇ ਵੱਧ ਤੋਂ ਵੱਧ ਮੁੱਖ ਮੰਤਰੀ ਬਣੇ ਹਨ ਤੇ ਵੱਧ ਤੋਂ ਵੱਧ ਜਿਥੇ ਰਾਸ਼ਟਰਪਤੀ ਰਾਜ ਲਾਗੂ ਹੋਇਆ ਹੈ। ਪੰਜਾਬ ਦੇ ਪਹਿਲੇ ਦੋ ਮੁੱਖ ਮੰਤਰੀ ਹਿੰਦੂ ਫਿਰਕੇ ਨਾਲ ਸਬੰਧਤ ਸਨ ਪਰ ਉਸ ਤੋਂ ਪਿਛੋਂ ਰਾਮ ਕਿਸ਼ਨ ਨੂੰ ਛੱਡ ਕੇ ਬਾਕੀ ਮੁੱਖ ਮੰਤਰੀ ਸਿੱਖ ਫਿਰਕੇ ਨਾਲ ਹੀ ਸਬੰਧਤ ਰਹੇ ਹਨ। ਦਰਜਨ ਦੇ ਕਰੀਬ ਸਿੱਖ ਮੁੱਖ ਮੰਤਰੀ ਆਏ - ਜਿਨ੍ਹਾਂ ਵਿਚੋਂ ਗੁਰਮੁੱਖ ਸਿੰਘ ਮੁਸਾਫਿਰ ਜੋ ਛੇ ਮਹੀਨੇ ਮੁੱਖ ਮੰਤਰੀ ਰਿਹਾ ਤੇ ਗਿਆਨੀ ਜ਼ੈਲ ਸਿੰਘ ਜੋ ਸਭ ਤੋਂ ਵੱਧ ਪੰਜ ਸਾਲ ਰਿਹਾ ਨੂੰ ਛੱਡ ਕੇ - ਬਾਕੀ ਸਾਰੇ ਜੱਟ ਸਨ। ਗਵਰਨਰਾਂ ਦੀ ਲਗਾਤਾਰ ਤਬਦੀਲੀ ਇਸ ਗਲ ਦੀ ਸੂਚਕ ਹੈ ਕਿ ਕੇਂਦਰ ਸਰਕਾਰ ਇਸ ਸਰਹੱਦੀ ਸੂਬੇ ਬਾਰੇ ਲੋੜ ਤੋਂ ਵੱਧ ਸੁਚੇਤ ਹੈ - ਮੁੱਖ ਮੰਤਰੀਆਂ ਦਾ ਆਉਣਾ ਜਾਣਾ ਇਸ ਦੀ ਰਾਜਸੀ ਅਸਥਿਰਤਾ ਦਾ ਨਤੀਜਾ ਹੈ — ਫਿਰਕੇਦਾਰੀ ਅਤੇ ਜਾਤਪਾਤ ਦਾ ਮਸਲਾ ਇਹ ਸਿੱਧ ਕਰਦਾ ਹੈ ਕਿ ਰਾਜਸੀ ਸਰਦਾਰੀ ਜੱਟ ਸਿੱਖਾਂ ਦੇ ਹੱਥ ਹੈ ਜਦ ਕਿ ਪੇਂਡੂ ਗ਼ੈਰ-ਜੱਟ ਸਿਖ ਤੇ ਸ਼ਹਿਰੀ ਗ਼ੈਰ-ਸਿੱਖਾਂ ਦੀ ਗਿਣਤੀ ਜੱਟ ਸਿੱਖਾਂ ਨਾਲੋਂ ਵੱਧ ਹੈ। ਪੰਜਾਬ ਹਮੇਸ਼ਾਂ ਹੀ ਔਕੜਾਂ-ਘਿਰਿਆ ਸੂਬਾ ਗਿਣਿਆ ਜਾਂਦਾ ਰਿਹਾ ਹੈ। ਜਿਵੇਂ ਪੰਜਾਬੀ ਦਾ ਮੁਹਾਵਰਾ ਹੈ ਕਿ 'ਪੰਜਾਬ ਦੇ ਜੰਮੇ ਨੂੰ ਨਿੱਤ ਮੁਹਿੰਮਾਂ' — ਮੈਂ ਸਿਧਾਰਥ ਸ਼ੰਕਰ ਰੇਅ ਦਾ ਧਿਆਨ ਲੱਕੜ ਦੇ ਟੇਬਲ ਵੱਲ ਖਿਚਦਿਆਂ ਕਿਹਾ, "ਗਵਰਨਰ ਏਥੇ ਬਹੁਤੀ ਦੇਰ ਨਹੀਂ ਠਹਿਰਦੇ ? ਰੇਅ ਦਾ ਜਵਾਬ ਸੀ 'ਦੇਖੀਏ, ਮੈਂ ਕਿੰਨਾ ਕੁ ਚਿਰ ਕੱਟਦਾ ਹਾ ?' ਪਰ ਉਸਦੀਆਂ ਅੱਖਾਂ ਵਿਚ ਚਮਕ ਸੀ।

ਮੈਂ ਇਸ ਪ੍ਰਵਾਰ ਨੂੰ 40 ਸਾਲਾਂ ਤੋਂ ਜਾਣਦਾ ਹਾਂ — ਮੇਰੀ ਵਾਕਫੀ ਰੇਅ ਦੀ ਪਤਨੀ ਮਾਇਆ ਦੇ ਪ੍ਰਵਾਰ ਨਾਲ ਲੰਡਨ ਵਿਚ ਹੋਈ ਸੀ। ਉਹ ਉਸ ਸਮੇਂ ਸਕੂਲ ਵਿਚ ਪੜ੍ਹਦੀ ਸੀ ਤੇ ਬੰਗਾਲੀ ਨਾਲੋਂ ਅੰਗਰੇਜ਼ੀ ਦਾ ਮੁਹਾਵਰਾ ਉਸਦੀ ਬੋਲੀ ਵਿਚ ਵੱਧ ਸੀ। ਮੇਰਾ ਵਾਹ ਉਸ ਸਮੇਂ ਰੇਅ ਪ੍ਰਵਾਰ ਨਾਲ ਚੰਡੀਗੜ੍ਹ ਵਿਚ ਪਿਆ ਜਿਸ ਸਮੇਂ ਰੇਅ ਨੂੰ ਸੰਕਟ ਦਾ ਸਾਹਮਣਾ ਸੀ। ਇਹ ਪਰਤੱਖ ਸੀ ਕਿ ਰੇਅ ਨੂੰ ਉਸ ਸਮੇਂ ਪੰਜਾਬ ਦਾ ਗਵਰਨਰ ਬਣਾਇਆ ਗਿਆ ਜਿਸ ਸਮੇਂ ਅਕਾਲੀ ਸਰਕਾਰ ਸੰਕਟ ਵਿਚ ਸੀ। ਰੇਅ ਵੀ ਦੋ ਲੱਖ ਮਹੀਨੇ ਦੀ ਪਰੈਕਟਸ ਛੱਡ ਕੇ ਇਸ ਕਰਕੇ ਗਵਰਨਰ ਬਣਨਾ ਮੰਨਿਆ ਕਿ ਜੇ ਉਸ ਨੇ ਪੰਜਾਬ ਦਾ ਸੰਕਟ ਸੁਲਝਾ ਲਿਆ ਤਾਂ ਮੁੜ ਉਹ ਦੇਸ਼ ਦੇ ਰਾਜਸੀ ਮੰਚ ਉਤੇ ਸਥਾਪਤ ਹੋ ਸਕੇਗਾ। ਰੇਅ ਪ੍ਰਵਾਰ ਰਾਜਨੀਤਕ ਪ੍ਰਵਾਰ ਹੈ। 29 ਅਪ੍ਰੈਲ ਨੂੰ ਰੇਅ ਨੂੰ ਪਹਿਲਾ ਚੈਲੰਜ ਮਿਲਿਆ ਜਦੋਂ ਅਖੌਤੀ ਪੰਥਕ ਕਮੇਟੀ ਨੇ ਹਰਿਮੰਦਰ ਤੋਂ 'ਖਾਲਿਸਤਾਨ' ਦਾ ਐਲਾਨ ਕੀਤਾ। ਇਹ ਦੇਸ਼-ਧ੍ਰੋਹੀ ਦਾ ਸਪੱਸ਼ਟ ਐਲਾਨ ਸੀ। ਫੈਸਲੇ ਦੀ ਫ਼ੁਰੰਤ ਲੋੜ ਸੀ - ਅਜਿਹੀਆਂ ਕਾਰਵਾਈਆਂ ਨੂੰ ਚੁੱਪਚਾਪ ਲਿਆ ਜਾਵੇ ਜਾਂ 'ਸ਼ਰਾਰਤ' ਨੂੰ ਮੌਕੇ ਉਤੇ ਹੀ ਨੱਪ ਦਿਤਾ ਜਾਵੇ। ਫੈਸਲਾ ਬਰਨਾਲਾ ਨੇ ਲੈਣਾ ਸੀ ਜੋ ਉਸ ਸਮੇਂ ਦਿੱਲੀ ਵਿਚ ਸੀ। ਪਰ ਗਵਰਨਰ ਰੇਅ ਨੇ ਰਾਜਸੀ ਸੂਝਬੂਝ ਤੇ ਦਲੇਰੀ ਤੋਂ ਕੰਮ ਲਿਆ। ਬਰਨਾਲਾ ਦੀ ਡੋਲਦੀ ਬੇੜੀ ਨੂੰ ਉਸਨੇ ਸਹਾਰਾ ਦਿਤਾ। ਜੇ ਰੇਅ ਸੂਝਬੂਝ ਤੋਂ ਕੰਮ ਨਾ ਲੈਂਦਾ ਤਾਂ ਬਰਨਾਲਾ ਦੀ ਬੇੜੀ ਡੁੱਬਣ ਹੀ ਵਾਲੀ ਸੀ।

ਜਿਉਂ ਹੀ ਰੇਅ ਚੰਡੀਗੜ੍ਹ ਆਇਆ ਉਸਨੇ ਮੁੱਖ ਮੰਤਰੀ ਨੂੰ ਪੁੱਛਿਆ ਕਿ ਜੇ ਉਹ ਜ਼ਿਲਿਆਂ ਦੇ ਦੌਰੇ ਕਰਕੇ ਸਥਾਨਕ ਆਗੂਆਂ ਨੂੰ ਮਿਲੇ ਤਾਂ ਬਰਨਾਲਾ ਨੂੰ ਕੋਈ ਇਤਰਾਜ਼ ਤਾਂ ਨਹੀਂ। ਉਸਨੇ ਵਿਰੋਧੀ ਪਾਰਟੀਆਂ ਦੇ ਆਗੂਆਂ ਨਾਲ ਵੀ ਮੁਲਾਕਾਤ ਕਰਕੇ ਕਿਹਾ ਕਿ ਉਹ ਇਕ ਇਕ ਵਿਅਕਤੀ ਮੁਕੱਰਰ ਕਰ ਦੇਣ ਜਿਸ ਨਾਲ ਸੰਪਰਕ ਕੀਤਾ ਜਾ ਸਕੇ ਤਾਂਕਿ ਪਾਰਟੀ ਦੇ ਸਟੈਂਡ ਦਾ ਪਤਾ ਲਗ ਸਕੇ। ਇਨ੍ਹਾਂ ਦੋਵਾਂ ਸੁਆਲਾਂ ਉਤੇ ਮੁੱਖ ਮੰਤਰੀ ਦੀ ਆਗਿਆ ਲੈ ਲਈ ਗਈ। ਇਸ ਆਗਿਆ ਦਾ ਸਿੱਟਾ ਹੈ ਕਿ 29 ਅਪ੍ਰੈਲ ਦਾ ਚੈਲਿੰਜ ਕਬੂਲ ਕੀਤਾ ਗਿਆ।

## ਬਰਨਾਲਾ ਦੀ ਦ੍ਰਿੜ੍ਹਤਾ

30 ਅਪ੍ਰੈਲ ਤੋਂ ਬਰਨਾਲਾ ਨੇ ਬੜੀ ਦਲੇਰੀ ਅਤੇ ਦ੍ਰਿੜ੍ਹਤਾ ਨਾਲ ਕਦਮ ਚੁਕੇ। ਉਸਨੇ ਦਹਿਸ਼ਤਪਸੰਦਾਂ ਅਤੇ 'ਖਾਲਿਸਤਾਨੀਆਂ' ਨਾਲ ਸਿੱਝਣ ਲਈ ਆਪਣਾ ਪੱਕਾ ਮਨ ਬਣਾ ਲਿਆ। ਅਤਿਵਾਦੀਆਂ ਕੋਲੋਂ ਹਰਿਮੰਦਰ ਖਾਲੀ ਕਰਵਾਇਆ ਗਿਆ। ਪੁਲਸ ਦਾਖਲੇ ਸਮੇਂ ਇਕ ਮੌਤ ਹੋਈ — ਦੋ ਜ਼ਖਮੀ ਹੋਏ। ਦੋਵੇਂ ਜ਼ਖਮੀ ਪਿਛੋਂ ਚਲਾਣਾ ਕਰ ਗਏ। ਪਰ ਇਹ ਗੱਲ ਸਪੱਸ਼ਟ ਹੋ ਗਈ ਕਿ ਸਰਕਾਰ ਵਿਚੋਂ ਹੀ ਪੁਲਸ ਐਕਸ਼ਨ ਸਬੰਧੀ ਭੇਦ ਅਤਿਵਾਦੀਆਂ ਤੱਕ

(ਬਾਕੀ ਪੰਨਾ 5 ਤੇ)

ਵਕੀਲ ਅਤੇ ਨੋਟਰੀ ਪਬਲਿਕ
Donald W.H. Yerka B. Com. LLB.
(ਡੋਨਲਡ ਯਰਕਾ)
ਆਈ.'ਸੀ. ਬੀ. ਸੀ. ਕਲੇਮ, ਇਨਸ਼ੋਰੈਂਸ ਕਲੇਮ, ਤਲਾਕ, ਪ੍ਰਵਾਰਕ ਮਾਮਲੇ, ਇਮਪੇਅਰਿਡ ਡਰਾਈਵਿੰਗ, ਫੌਜਦਾਰੀ ਕੇਸ, ਜ਼ਮੀਨ ਖ਼੍ਰੀਦਣ ਜਾਂ ਵੇਚਣ ਦੇ ਕਾਗਜ਼ਾਤ
ਪੰਜਾਬੀ ਵਿਚ ਗੱਲਬਾਤ ਲਈ ਪੂਰਾ ਪ੍ਰਬੰਧ
#210 - 535 W. 10th Ave.
Vancouver, B.C. Ph. 873-5225

ਇੰਮੀਗਰੇਸ਼ਨ ਅਤੇ ਸਿਟੀਜ਼ਨਸ਼ਿਪ ਲਈ
ਇੰਮੀਗਰੇਸ਼ਨ ਅਤੇ ਸਿਟੀਜ਼ਨਸ਼ਿਪ ਦੇ ਮਾਮਲੇ, ਅਰਜ਼ੀ ਭਰਨੀ, ਰਿਸ਼ਤੇਦਾਰ ਨੂੰ ਸਪੌਂਸਰ ਕਰਨਾ, ਰਿਫੀਊਜ਼ੀ ਕਲੇਮ, ਇਨਕੁਆਰੀ ਅਤੇ ਅਪੀਲਾਂ ਲਈ
ਮੁਫ਼ਤ ਮਸ਼ਵਰੇ ਲਈ ਮਿਲੋ
ਬਾਬੂ ਜਿਮ ਨਰਾਇਣ
ਜਿਨ੍ਹਾਂ ਦਾ ਇੰਮੀਗਰੇਸ਼ਨ ਦੇ ਮਾਮਲਿਆਂ ਵਿਚ 18 ਸਾਲ ਦਾ ਤਜਰਬਾ ਹੈ
ਹਿੰਦੀ ਤੇ ਪੰਜਾਬੀ ਵਿਚ ਗੱਲਬਾਤ ਕਰੋ
Tel. (ਟੈਲੀਫੋਨ) 873-9441
After office hours phone : 433-4685
#210 - 535 W. 10th Ave. Vancouver, B.C.

(ਪੰਨਾ 4 ਦੀ ਬਾਕੀ)

ਪਹੁੰਚਾਇਆ ਗਿਆ। ਜਾਪਦਾ ਹੈ ਕਿ ਮੁੱਖ ਮੰਤਰੀ ਨੇ ਆਪਣੇ ਮੰਤਰੀਆਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਮੰਤਰੀਆਂ ਵਿਚੋਂ ਹੀ ਕਿਸੇ ਨੇ ਪੁਲਸ ਐਕਸ਼ਨ ਦੀ ਖਬਰ ਹਰਿਮੰਦਰ ਵਿਚ ਪੁਚਾ ਦਿਤੀ। ਪੁਲਸ ਐਕਸ਼ਨ ਤੋਂ ਪਹਿਲਾਂ ਹੀ ਪੰਥਕ ਕਮੇਟੀ ਦੇ ਪੰਜੇ ਮੈਂਬਰ ਹਰਿਮੰਦਰ ਵਿਚੋਂ ਦੌੜ ਗਏ। ਪੰਜਾਂ ਮੈਂਬਰਾਂ ਵਿਚ ਤਿੰਨ ਉਤੇ ਪਹਿਲਾਂ ਹੀ ਕੇਸ ਬਣੇ ਹੋਏ ਹਨ ਜਿਨ੍ਹਾਂ ਦਾ ਰਾਜਨੀਤਕ ਮਸਲਿਆਂ ਨਾਲ ਕੋਈ ਸਬੰਧ ਨਹੀਂ। 'ਖਾਲਿਸਤਾਨ' ਦਾ ਐਲਾਨਨਾਮਾ ਇਹ ਵੀ ਦੱਸਾ ਹੈ ਕਿ ਇਹ ਨਾ ਤਾਂ ਭਾਰਤ ਵਿਚ ਲਿਖਿਆ ਗਿਆ ਹੈ ਅਤੇ ਨਾ ਹੀ ਭਾਰਤ ਵਿਚ ਛਾਪਿਆ ਗਿਆ ਹੈ। ਨਾ ਇਸ ਉਤੇ ਕੋਈ ਤਾਰੀਖ ਪਾਈ ਗਈ ਹੈ।

ਬਰਨਾਲਾ ਦੇ ਵਿਰੋਧੀ ਪੁਲਸ ਐਕਸ਼ਨ ਦੀ ਉਡੀਕ ਵਿਚ ਬੈਠੇ ਸਨ ਤਾਕਿ ਬਰਨਾਲੇ ਵਿਰੁੱਧ ਮੁਹਿਮ ਚਲਾਈ ਜਾ ਸਕੇ। ਸਿਖ ਸਿਆਸਤ ਦੀਆਂ ਪੁਤਲੀਆਂ ਦਾ ਨਾਚ ਕਰਵਾਉਣ ਵਾਲਾ ਗੁਰੂ ਗੁਰਚਰਨ ਸਿੰਘ ਟੌਹੜਾ ਇਕਦਮ ਪੰਜਾਬ ਅਸੈਂਬਲੀ ਦੇ ਅਕਾਲੀ ਮੈਂਬਰਾਂ ਨੂੰ ਤੋੜਨ ਵਿਚ ਲੱਗ ਗਿਆ। ਪਹਿਲਾਂ ਉਹ ਇਸ ਗੱਲ ਲਈ ਰਜ਼ਾਮੰਦ ਸੀ ਕਿ ਹਰਿਮੰਦਰ ਵਿਚੋਂ ਅਤਿਵਾਦੀਆਂ ਨੂੰ ਕੱਢਿਆ ਜਾਣਾ ਜ਼ਰੂਰੀ ਹੈ ਜਿਨ੍ਹਾਂ ਨੇ ਹਰਿਮੰਦਰ ਕੰਪਲੈਕਸ ਉਤੇ ਜਬਰਦਸਤੀ ਗ਼ੈਰ-ਕਾਨੂੰਨੀ ਕਬਜ਼ਾ ਕੀਤਾ ਹੋਇਆ ਹੈ ਪਰ ਅਤਿਵਾਦੀਆਂ ਨੂੰ ਕੱਢਣ ਦੀ ਮੁਹਿਮ ਨੂੰ ਉਸਨੇ 'ਦੂਜੇ ਨੀਲੇ ਤਾਰੇ' ਦਾ ਨਾਂ ਦੇ ਦਿਤਾ ਅਤੇ ਬਰਨਾਲਾ ਵਿਰੁੱਧ ਲਾਮਬੰਦੀ ਸ਼ੁਰੂ ਕਰ ਦਿਤੀ। ਪਰ ਉਸ ਦਾ ਸਿਧਾ ਮੁਕਾਬਲਾ ਓਨੇ ਹੀ ਤੇਜ਼-ਬੁੱਧੀ ਵਿੱਤ ਮੰਤਰੀ ਬਲਵੰਤ ਸਿੰਘ ਨਾਲ ਸੀ। ਪਰ ਸਿਧਾਰਥ ਸ਼ੰਕਰ ਰੇਅ ਨੇ ਦੋਵਾਂ ਧੜਿਆਂ ਵਿਚ ਤਣਾਅ ਵਧਣ ਤੋਂ ਪਹਿਲਾਂ ਹੀ ਬਾਦਲ, ਟੌਹੜਾ ਆਦਿ ਨਾਲ ਗੱਲਬਾਤ ਕਰ ਲਈ ਸੀ। ਇਹ ਗੱਲਬਾਤ ਹੁਣ ਭੇਦ ਬਣੀ ਨਹੀਂ ਰਹੀ। ਵਿਰੋਧੀ ਪਾਰਟੀਆਂ ਦੇ ਆਗੂਆਂ ਨਾਲ ਰੇਅ ਨੇ ਅਤਿਵਾਦੀਆਂ ਨੂੰ ਕੱਢਣ ਲਈ ਉਪਰਾਲੇ ਕਰਨ ਬਾਰੇ ਰਾਇ ਲਈ ਤਾਂ ਉਸਨੇ ਬਾਗ਼ੀ ਅਕਾਲੀਆਂ ਦੇ ਨੇਤਾਵਾਂ ਨਾਲ ਵੀ ਸਲਾਹ ਮਸ਼ਵਰਾ ਕੀਤਾ ਤਾਂ ਇਨ੍ਹਾਂ ਨੇਤਾਵਾਂ ਨੇ ਕਿਹਾ ਕਿ ਉਹ ਇਸ ਫੈਸਲੇ ਨਾਲ ਸਹਿਮਤ ਹਨ ਕਿ ਅਤਿਵਾਦੀਆਂ ਨੂੰ ਉਥੋਂ ਕੱਢਿਆ ਜਾਵੇ। ਰੇਅ ਨੇ ਇਹ ਵੀ ਪੁਛਿਆ ਕਿ ਜੇ ਪੁਲਸ ਐਕਸ਼ਨ ਕਾਰਨ ਜ਼ਿਆਦਾ ਅਕਾਲੀ ਵਿਧਾਇਕ ਬਰਨਾਲਾ ਵਿਰੁੱਧ ਹੋ ਗਏ ਤਾਂ ਉਨ੍ਹਾਂ ਦਾ ਕੀ ਪ੍ਰਤੀਕਰਮ ਹੋਵੇਗਾ। ਬਾਦਲ ਤੇ ਟੌਹੜਾ ਨੇ ਕਿਹਾ ਕਿ ਉਹ ਬਰਨਾਲੇ ਦੇ ਵਿਰੁੱਧ ਨਹੀਂ ਜਾਣਗੇ। ਉਸ ਤੋਂ ਪਿਛੋਂ ਗੱਲ ਕੇਵਲ ਗਿਣਤੀ ਦੀ ਰਹਿ ਗਈ। 116 ਵਿਧਾਇਕਾਂ ਵਿਚੋਂ 73 ਅਕਾਲੀ ਹਨ — ਇਨ੍ਹਾਂ ਵਿਚੋਂ 29 ਵਿਧਾਇਕ ਬਾਗ਼ੀਆਂ ਨਾਲ ਚਲੇ ਗਏ ਅਤੇ ਬਰਨਾਲੇ ਨਾਲ 44 ਰਹਿ ਗਏ। ਜੇ ਵਿਰੋਧੀ ਪਾਰਟੀਆਂ ਬਰਨਾਲੇ ਦੀ ਮੱਦਦ ਦਾ ਐਲਾਨ ਨਾ ਕਰਦੀਆਂ ਤਾਂ ਬਰਨਾਲੇ ਨੂੰ ਅਸਤੀਫਾ ਦੇਣਾ ਪੈਣਾ ਸੀ। ਪਰ ਰੇਅ ਨੇ ਵਿਰੋਧੀ ਪਾਰਟੀਆਂ ਨਾਲ ਪਹਿਲਾਂ ਹੀ ਗੱਲਬਾਤ ਕਰ ਲਈ ਹੋਈ ਸੀ। ਜਦੋਂ ਬਾਗ਼ੀ ਅਕਾਲੀਆਂ ਨੂੰ ਪਤਾ ਲੱਗਾ ਕਿ ਬਰਨਾਲਾ ਸਰਕਾਰ ਨੂੰ ਡੇਗਣਾ ਉਨ੍ਹਾਂ ਦੇ ਬੱਸ ਵਿਚ ਨਹੀਂ ਰਿਹਾ ਤਾਂ ਉਹ ਹੱਥ ਪੈਰ ਮਾਰਨ ਲੱਗੇ। ਇਸ ਸਮੇਂ ਬਲਵੰਤ ਸਿੰਘ ਨੇ ਆਪਦੀਆਂ ਨਰਦਾਂ ਖੇਡਣੀਆਂ ਸ਼ੁਰੂ ਕਰ ਦਿੱਤੀਆਂ। ਕੁਝ ਘੰਟਿਆਂ ਵਿਚ ਹੀ 29 ਵਿਧਾਇਕਾਂ ਵਿਚੋਂ 13 ਬਾਗ਼ੀ ਵਿਧਾਇਕਾਂ ਕੋਲੋਂ ਬਲਵੰਤ ਸਿੰਘ ਨੇ ਅੰਦਰੋਂ ਅੰਦਰੀਂ ਬਰਨਾਲੇ ਦੇ ਸਮਰਥਨ ਦਾ ਵਾਇਦਾ ਲੈ ਲਿਆ।

## ਟੌਹੜਾ : ਪੁਤਲੀਆਂ ਦਾ ਨਾਚ ਕਰਵਾਉਣ ਵਾਲਾ ਮਾਸਟਰ

ਟੌਹੜੇ ਨੂੰ ਪੁਤਲੀਆਂ ਦਾ ਨਾਚ ਕਰਵਾਉਣ ਵਾਲਾ ਗੁਰੂ ਮੰਨਿਆ ਜਾਂਦਾ ਹੈ। ਅਮਰਿੰਦਰ ਸਿੰਘ ਨੂੰ ਮਿਲ ਕੇ ਉਸਨੇ ਕਿਹਾ ਕਿ ਇਹ ਤੇਰਾ ਮੌਕਾ ਹੈ ਮੁੱਖ ਮੰਤਰੀ ਬਣਨ ਦਾ — ਅਮਰਿੰਦਰ ਸਿੰਘ ਜੋ ਉਸਦਾ ਸਥਾਨਕ ਵਿਰੋਧੀ ਹੈ ਉਸ ਤੋਂ ਉਸ ਨੇ 'ਹਾਰਾਕੀਰੀ' ਕਰਵਾ ਦਿਤੀ। ਬਾਦਲ, ਮੁੱਖ ਮੰਤਰੀ ਬਣਨ ਲਈ ਉਤਸਕ ਸੀ ਤੇ ਟੌਹੜੇ ਦਾ ਵਿਰੋਧ ਉਸ ਨਾਲ ਸ਼ੁਰੂ ਤੋਂ ਹੀ ਸੀ, ਨੂੰ ਟੌਹੜੇ ਨੇ ਉਂਝ ਹੀ ਪਾਸੇ ਕਰ ਦਿਤਾ। ਬਲਵੰਤ ਸਿੰਘ ਦਾ ਕਹਿਣਾ ਹੈ ਕਿ ਟੌਹੜੇ ਨੇ 'ਦੋਨਾਂ ਨੂੰ ਗੱਡੀ ਚੜ੍ਹਾ ਦਿਤਾ' — ਰਾਜਸੀ ਤੌਰ ਉਤੇ ਵਾਕਏ ਹੀ ਟੌਹੜੇ ਨੇ ਦੋਵਾਂ ਨੂੰ ਗੱਡੀ ਚੜ੍ਹਾ ਦਿਤਾ ਹੈ। ਪਰ ਨਾਲ ਹੀ ਟੌਹੜੇ ਨੇ ਆਪਣੇ ਵਫਾਦਾਰ ਸਿਪਾਹੀ ਬਰਨਾਲੇ ਦੇ ਮੰਤਰੀ ਮੰਡਲ ਵਿਚ ਸ਼ਾਮਲ ਕਰਵਾ ਦਿਤੇ। ਜਿਵੇਂ ਟ੍ਰਿਬੀਊਨ ਨੇ ਆਪਣੀ ਸੰਪਾਦਕੀ ਵਿਚ ਲਿਖਿਆ ਹੈ ਕਿ ਪੰਜਾਬ ਦਾ ਮੰਤਰੀ ਮੰਡਲ ਪੰਜਾਬ ਰੋਡਵੇਜ਼ ਦੀ ਤੂਸੀ ਹੋਈ ਬੱਸ ਵਾਂਗ ਹੈ। ਮੰਤਰੀ ਮੰਡਲ ਤੋਂ ਬਿਨਾਂ ਕਾਰਪੋਰੇਸ਼ਨਾਂ ਦੀਆਂ ਚੇਅਰਮੈਨੀਆਂ ਦੇ ਦਿਤੀਆਂ ਗਈਆਂ — ਇਸ ਤਰ੍ਹਾਂ ਹਰ ਇਕ ਨੂੰ ਆਪਣੇ ਹਿੱਸੇ ਦੀ ਰੋਟੀ ਮਿਲ ਗਈ। ਪੰਜਾਬੀ ਦਾ ਅਖਾਣ ਹੈ 'ਪੰਜ ਘੋੜੇ ਪੰਜਾਹ ਸਵਾਰ' — ਬਰਨਾਲੇ ਨੇ ਹਰ ਇਕ ਨੂੰ ਸਵਾਰੀ ਲਈ ਘੋੜਾ ਦੇ ਦਿਤਾ ਹੈ। ਟੌਹੜੇ ਅਤੇ ਰਵੀਇੰਦਰ ਸਿੰਘ ਨੇ ਹੋਰ ਚਾਲ ਖੇਲੀ - 27 ਵਿਧਾਇਕਾਂ ਨੂੰ ਇੱਕਠਿਆਂ ਕਰਕੇ ਵੱਖਰਾ ਧੜਾ ਕਾਇਮ ਕਰ ਦਿਤਾ। ਬਰਨਾਲਾ ਘੱਟ ਗਿਣਤੀ ਰਹਿ ਗਿਆ ਬਰਨਾਲੇ ਨੇ ਇਸਦਾ ਜੁਆਬ ਤਿੰਨਾਂ ਸਾਬਕਾ ਵਜ਼ੀਰਾਂ ਨੂੰ ਅਕਾਲੀ ਦਲ ਵਿਚੋਂ ਕੱਢਣ ਦੇ ਐਲਾਨ ਨਾਲ ਦੇ ਦਿਤਾ। ਇਸ ਤਰ੍ਹਾਂ ਦੇ ਹਮਲੇ ਅਤੇ ਜਵਾਬੀ ਹਮਲੇ ਤੇਜ਼ੀ ਨਾਲ ਚਲਦੇ ਰਹੇ। ਅਕਾਲੀ ਵਿਧਾਇਕਾਂ ਨੂੰ ਨਾ ਤਾਂ ਪੁਲਸ ਐਕਸ਼ਨ ਨਾਲ ਕੋਈ ਸਰੋਕਾਰ ਹੈ ਨਾ ਕਮਿਊਨਿਟੀ ਦੇ ਭਵਿਖ ਦਾ ਫਿਕਰ ਹੈ ਤੇ ਨਾ ਦੇਸ਼ ਦਾ ਗ਼ਮ ਹੈ ਉਨ੍ਹਾਂ ਦੀਆਂ 'ਵਫਾਦਾਰੀਆਂ' ਦਾ ਤਕਾਜ਼ਾ 'ਕੁਰਸੀ' ਹੈ। ਇਹ ਪੰਥ ਜਾਂ ਦੇਸ਼ ਭਗਤੀ ਦਾ ਤਕਾਜ਼ਾ ਨਹੀਂ! ਇਹ ਘੋੜਿਆਂ ਦੀ ਮੰਡੀ ਦਾ ਸੀਨ ਹੈ ਜਿਸਨੂੰ ਦੇਖਕੇ ਭਜਨ ਲਾਲ ਤੇ ਉਸਦੇ ਸਾਥੀ ਵੀ ਸ਼ਰਮਾ ਗਏ ਹਨ।

## ਬਾਦਲ :

ਪੰਜਾਬ ਡਰਾਮੇ ਵਿਚ ਸ਼ਾਮਲ ਅਦਾਕਾਰਾਂ ਦੀ ਐਕਟਿੰਗ ਵੇਖਣ ਵਾਲੀ ਹੈ। ਜਦੋਂ ਮੈਂ 6 ਮਈ ਨੂੰ ਚੰਡੀਗੜ੍ਹ ਪੁੱਜਾ ਤਾਂ ਹਾਲਾਤ ਤਣਾਅਪੂਰਨ ਸੀ। ਮੇਰੀ ਪਹਿਲੀ ਮੁਲਾਕਾਤ ਪ੍ਰਕਾਸ਼ ਸਿੰਘ ਬਾਦਲ ਨਾਲ ਸੀ ਜੋ ਦੋ ਵਾਰ ਮੁੱਖ ਮੰਤਰੀ ਰਹਿ ਚੁਕਾ ਹੈ ਅਤੇ ਹੁਣ ਬਰਨਾਲਾ - ਵਿਰੋਧੀ ਵਿਧਾਇਕਾਂ ਦਾ ਲੀਡਰ ਹੈ। ਉਸ ਨੂੰ ਸਿਖ ਜੱਟ ਕਿਸਾਨੀ ਦਾ ਸਮਰਥਨ ਵੀ ਪ੍ਰਾਪਤ ਹੈ। ਜਨਤਾ ਪਾਰਟੀ ਸਮੇਂ ਹਿੰਦੂਆਂ ਨਾਲ ਵੀ ਉਸਦੇ ਸਬੰਧ ਚੰਗੇ ਰਹੇ ਹਨ। ਪੰਜਾਬ ਵਿਚ ਉਹ ਸਭ ਤੋਂ ਵੱਡਾ ਜਾਗੀਰਦਾਰ ਹੈ। ਬਰਨਾਲਾ ਦੀ ਸਰਕਾਰ ਨੂੰ ਜੇ ਕੋਈ ਨੁਕਸਾਨ ਪਹੁੰਚਾ ਸਕਦਾ ਹੈ ਤਾਂ ਉਹ ਬਾਦਲ ਹੈ। ਉਸ ਤੋਂ ਵੀ ਵੱਧ ਅਮੀਰ ਅਵੀਇੰਦਰ ਸਿੰਘ ਹੈ — (ਜੋ ਸਪੀਕਰੀ ਤੋਂ ਵਖ ਕਰ ਦਿਤਾ ਗਿਆ ਹੈ) ਤੀਜਾ ਟੌਹੜਾ ਹੈ ਜੋ ਲਗਾਤਾਰ 13 ਸਾਲ ਸ਼ਰੋਮਣੀ ਕਮੇਟੀ ਦਾ ਪ੍ਰਧਾਨ ਰਿਹਾ ਹੈ — ਚੌਥਾ ਅਮਰਿੰਦਰ ਸਿੰਘ ਹੈ ਜੋ ਬਾਦਲ ਦਾ ਮੁੱਖ ਮੰਤਰੀ ਬਣਨ ਲਈ ਸ਼ਰੀਕ ਹੈ — ਪੰਜਵਾਂ ਸੁਖਜਿੰਦਰ ਸਿੰਘ ਹੈ ਜੋ ਭਿੰਡਰਾਂਵਾਲੇ ਦਾ ਪੱਖੀ ਰਿਹਾ ਹੈ ਤੇ 'ਖਾਲਿਸਤਾਨੀ' ਕਰਕੇ ਜਾਣਿਆ ਜਾਂਦਾ ਹੈ।

ਮੈਂ ਬਾਦਲ ਨੂੰ ਪੁੱਛਿਆ ਕਿ ਬਰਨਾਲਾ ਸਰਕਾਰ ਵਿਚ ਤੁਸੀਂ ਸ਼ਾਮਲ ਨਹੀਂ ਹੋਏ ਤਾਂ ਬਾਦਲ ਨੇ ਔਖਾ ਜਿਹਾ ਮਹਿਸੂਸ ਕੀਤਾ ਤੇ ਕਿਹਾ 'ਇਹ ਜ਼ਰੂਰੀ ਨਹੀਂ ਤੁਸੀਂ ਸਰਕਾਰ ਵਿਚ ਸ਼ਾਮਲ ਹੋਵੋ ਪਰ ਮੈਂ ਅਕਾਲੀ ਪਾਰਟੀ ਤੇ ਅਕਾਲੀ ਸਰਕਾਰ ਨੂੰ ਪੂਰੀ ਮੱਦਦ ਦਿਤੀ ਹੈ।' ਜ਼ਿਆਦਾ ਜ਼ੋਰ ਦੇਣ ਉਤੇ ਉਸਨੇ ਕਿਹਾ ਕਿ ਉਸਨੂੰ ਸੀਨੀਆਰਟੀ ਦੇ ਹਿਸਾਬ ਯੋਗ ਥਾਂ ਨਹੀਂ ਦਿਤੀ ਜਾ ਰਹੀ ਸੀ। ਰਾਜੀਵ-ਲੌਂਗੋਵਾਲ ਸਮਝੌਤੇ ਬਾਰੇ ਉਸਨੇ ਕਿਹਾ 'ਇਸ ਦਾ ਕੋਈ ਫਾਇਦਾ ਨਹੀਂ ਸੀ। ਸਿਖ ਫੌਜੀਆਂ ਨੂੰ ਮੁੜ ਬਹਾਲੀ ਤੇ ਜੇਲ੍ਹਾਂ ਵਿਚ ਡੱਕੇ ਸਿਖਾਂ ਦੀ ਰਿਹਾਈ ਜ਼ਰੂਰੀ ਗੱਲਾਂ ਸਨ ਪਰ ਇਹ ਦੋਵੇਂ ਪੂਰੀਆਂ ਨਹੀਂ ਹੋਈਆਂ। ਪਰ ਮੈਂ ਕਿਹਾ ਕਿ ਸਮਝੌਤੇ ਨੂੰ ਅਕਾਲੀ ਦਲ ਦੀ ਸਮੁੱਚੀ ਮੈਂਬਰਸ਼ਿਪ ਨੇ ਪ੍ਰਵਾਨ ਕੀਤਾ ਹੈ ਤਾਂ ਤੁਹਾਨੂੰ ਵਿਰੋਧ ਕਿਉਂ। ਬਾਦਲ ਕਹਿਣ ਲੱਗਾ ਕਿ ਇਸੇ ਕਰਕੇ ਉਸਨੇ ਪਾਰਟੀ ਦਾ ਫੈਸਲਾ ਕਬੂਲ ਕੀਤਾ ਸੀ।

ਜਦੋਂ ਮੈਂ ਪੁੱਛਿਆ ਕਿ ਗੈਰ ਕਾਨੂੰਨੀ ਕਬਜ਼ਾ ਕੀਤੇ ਜਾਣ ਉਤੇ ਜੇ ਹਰਿਮੰਦਰ ਵਿਹਲਾ ਕਰਵਾ ਲਿਆ ਗਿਆ ਹੈ ਤਾਂ ਤੁਹਾਨੂੰ ਕਿਉਂ ਇਤਰਾਜ਼ ਹੈ। ਬਾਦਲ ਕਹਿਣ ਲੱਗਾ, "ਇਹ ਗ਼ੈਰ-ਕਾਨੂੰਨੀ ਕਬਜ਼ਾ ਨਹੀਂ ਸੀ। ਟੌਹੜੇ ਨੇ ਆਪ ਉਨ੍ਹਾਂ ਨੂੰ ਸੱਦਾ ਦਿਤਾ ਸੀ ਕਿ 'ਕਾਰ ਸੇਵਾ' ਕਰਨ।"

"ਕਿ ਉਹ ਜਥੇਦਾਰਾਂ ਨੂੰ ਹਟਾ ਦੇਣ? ਖਾਲਿਸਤਾਨ ਦੇ ਝੰਡੇ ਲਹਿਰਾਉਣ? ਆਜ਼ਾਦ ਦੇਸ਼ ਦੇ ਨਾਅਰੇ ਦੇਣ?" ਮੇਰਾ ਸਵਾਲ ਸੀ

ਬਾਦਲ ਮੇਰੇ ਸਵਾਲਾਂ ਨੂੰ ਟਾਲਣ ਦੀ ਕੋਸ਼ਿਸ਼ ਕਰਨ ਲੱਗਾ ਤੇ ਕਹਿਣ ਲੱਗਾ, "ਮੈਂ ਅਜੇਹੀ ਗੱਲ ਨਾ ਦੇਖੀ ਹੈ ਨਾ ਸੁਣੀ ਹੈ। ਮੈਂ ਖਾਲਿਸਤਾਨ ਦਾ ਵਿਰੋਧੀ ਹਾਂ। ਪੁਲਸ ਦੇ ਦਾਖਲੇ ਤੋਂ ਪਹਿਲਾਂ ਹੀ ਅਜਿਹੇ ਲੋਕ ਉਥੋਂ ਚਲੇ ਗਏ ਸਨ ਪੁਲਸ ਨੂੰ ਇਸ ਗੱਲ ਦਾ ਪਤਾ ਸੀ ਪਰ ਪੁਲਸ ਫਿਰ ਵੀ ਅੰਦਰ ਚਲੀ ਗਈ। ਇਸ ਨਾਲ ਦਹਿਸ਼ਤਪਸੰਦੀ ਵਧੇਗੀ ਤੇ ਵੱਖਵਾਦ ਵੀ ਵਧੇਗਾ।"

ਬਾਦਲ ਸਰਕਾਰ ਉਤੇ ਸਤਿਆ ਪਿਆ ਦਿਸ ਰਿਹਾ ਸੀ ਪਰ ਉਸਨੂੰ ਇਹ ਵੀ ਪਤਾ ਸੀ ਕਿ ਬਰਨਾਲਾ-ਬਲਵੰਤ ਸਿੰਘ ਜੋੜ ਨੇ ਉਸਨੂੰ ਪਹਿਲੇ ਹੱਥ ਹੀ ਹਰਾ ਦਿਤਾ ਸੀ।

"ਤੁਸੀਂ ਬਰਨਾਲਾ ਸਰਕਾਰ ਤੋੜਨੀ ਚਾਹੁੰਦੇ ਹੋ"

"ਨਹੀਂ"

"ਤੁਸੀਂ ਚਾਹੁੰਦੇ ਹੋ ਬਰਨਾਲਾ ਅਸਤੀਫਾ ਦੇਵੇ?"

"ਮੈਂ ਇਹ ਗੱਲ ਉਸ ਉਤੇ ਛੱਡਦਾ ਹਾਂ।" ਬਾਦਲ ਦਾ ਜੁਆਬ ਸੀ।

## ਸਿੱਖ ਪ੍ਰਤੀਕਿਰਿਆ :

ਸਿੱਖ ਜਨਤਾ ਦੀ ਪ੍ਰਤੀਕਿਰਿਆ ਰਲਵੀਂ ਮਿਲਵੀਂ ਸੀ। ਪਰ ਇਸ ਗੱਲੋਂ ਸਭ ਨੇ ਸੁਖ ਦਾ ਸਾਹ ਲਿਆ ਕਿ ਹਰਿਮੰਦਰ ਕੰਪਲੈਕਸ ਵਿਚੋਂ ਅਤਿਵਾਦੀ ਕੱਢ ਦਿਤੇ ਗਏ ਹਨ। ਬਾਹਰਲੇ ਸੂਬਿਆਂ ਦੀਆਂ ਸਿੱਖ ਸੰਸਥਾਵਾਂ ਨੇ ਤਾਰਾਂ ਦੇ ਕੇ ਐਕਸ਼ਨ ਦਾ ਸਮਰਥਨ ਕੀਤਾ। ਫੈਡਰੇਸ਼ਨ ਵਲੋਂ ਦਿਤੇ ਹੜਤਾਲ ਦੇ ਨਾਅਰੇ ਨੂੰ ਲੋਕਾਂ ਨੇ ਸਮਰਥਨ ਨਾ ਦਿ ਤਾ। ਇਥੋਂ ਤੱਕ ਕਿ ਇਮਤਿਹਾਨ ਨਾ ਦੇਣ ਦੀ ਮੰਗ ਵੱਲ ਦੋ ਲੱਖ ਚਾਲੀ ਹਜ਼ਾਰ ਵਿਦਿਆਰਥੀਆਂ ਨੇ ਕੋਈ ਧਿਆਨ ਨਾ ਦਿਤਾ।

ਬਾਗ਼ੀ ਅਕਾਲੀਆਂ ਦੇ ਵਿਰੋਧ ਨੇ ਧਾਰਮਿਕ ਭਾਵਨਾਵਾਂ ਭੜਕਾਉਣ ਲਈ ਪੂਰਾ ਟਿੱਲ ਲਾਇਆ। ਟੌਹੜਾ ਜਿਸ ਨੇ 'ਨੀਲੇ ਤਾਰੇ' ਐਕਸ਼ਨ ਸਮੇਂ ਆਪਣਾ ਸਭ ਕੁਝ ਗਵਾ ਲਿਆ ਸੀ — ਪੁਲਸ ਐਕਸ਼ਨ ਦਾ ਵਿਰੋਧ ਕਰਕੇ ਖੁਸੀ ਤਾਕਤ ਨੂੰ ਬਹਾਲ ਕਰਨ ਦਾ ਤਰਲਾ ਕੀਤਾ। ਟੌਹੜੇ ਵਿਚ ਇਕ ਕਰਾਮਾਤ ਹੈ: ਉਸ ਨੂੰ ਪਤਾ ਹੈ ਕਿ ਉਸਨੇ ਨਰਦ ਕਦੋਂ ਖੇਡਣੀ ਹੈ!

ਹਰਿਮੰਦਰ ਕੰਪਲੈਕਸ ਦੇ ਝਗੜੇ ਖਤਮ ਨਹੀਂ ਹੋਏ। ਗੁਰੂ ਨਾਨਕ ਦੇਵ ਜੀ ਦਾ ਇਹ ਸੁਨੇਹਾ ਕਿ 'ਥਾਨ ਇਛਤ ਜਬ ਭ੍ਰਿਸ਼ਟ ਹੋਏ' ਅਜ ਵੀ ਲਾਗੂ ਹੁੰਦਾ ਕਿ ਜਦੋਂ ਰੱਬ ਦੇ ਸਥਾਨ ਭ੍ਰਿਸ਼ਟ ਹੁੰਦੇ ਹਨ ਤਾਂ "ਡੂਬਤ ਇਵ ਜਗੁ" ਤਾਂ ਦੁਨੀਆਂ ਨਿਘਰ ਜਾਂਦੀ ਹੈ।


ਕੀ ਤੁਸੀਂ

**ਮਾਇਕ ਆਜ਼ਾਦੀ ਦੀ ਮੰਜ਼ਿਲ ਤੱਕ ਅਪੜਨਾ ਚਾਹੁੰਦੇ ਹੋ!**

- ਘੱਟ ਤੋਂ ਘੱਟ ਟੈਕਸ ਦੇਣ ਦੇ ਤੁਹਾਡੇ ਕਾਨੂੰਨੀ ਹੱਕ ਕੀ ਹਨ?
- ਟੈਕਸ ਤੋਂ ਬਚੀ ਰਕਮ ਦਾ ਚੋਖਾ ਵਾਧਾ ਕਿਵੇਂ ਹੋਵੇ?
- ਤੁਹਾਡਾ ਅਤੇ ਤੁਹਾਡੇ ਬੱਚਿਆਂ ਦਾ ਬੇਫਿਕਰ ਭਵਿੱਖ
- ਔਸਤਨ 20% ਜਾਂ ਵੱਧ ਸਾਲਾਨਾ ਵਧਣ ਵਾਲੇ ਮਿਊਚੂਅਲ ਫੰਡਾਂ ਬਾਰੇ ਵਾਕਫੀ

ਉਪਰਲੀਆਂ ਸਾਰੀਆਂ ਗੱਲਾਂ ਬਾਰੇ ਵਿਸਥਾਰ ਨਾਲ ਜਾਨਣ ਲਈ ਅਪੜੋ :

**ਹੇਸਟਿੰਗਜ਼ ਕਮਿਊਨਿਟੀ ਸੈਂਟਰ : ਕਮਰਾ ਨੰਬਰ 9**

3096 ਈਸਟ ਹੇਸਟਿੰਗਜ਼ ਸਟਰੀਟ ਵੈਨਕੂਵਰ (PNE ਨੇੜੇ)

**18 ਜੂਨ 1986, ਦਿਨ ਬੁੱਧਵਾਰ**

**ਸ਼ਾਮ 7.30 ਤੋਂ 9.00 ਬਜੇ ਤੱਕ**

ਪਾਰਕਿੰਗ : A.R. LORD SCHOOL

ਦੇ ਪੈਂਡਰ ਸਟਰੀਟ ਉਪਰਲੇ ਲਾਟ ਵਿੱਚ

**ਮੁੱਖ ਬੁਲਾਰਾ : ਸ੍ਰੀਮਤੀ ਐਨ. ਗਰੇਂਜਰ**

- ਦਾਖਲਾ ਫਰੀ - ਪੰਜਾਬੀ ਅਨੁਵਾਦ ਦਾ ਪ੍ਰਬੰਧ ਲੋੜ ਅਨੁਸਾਰ
- ਸਵਾਲ ਜਵਾਬ ਦਾ ਸਮਾਂ

ਸੀਟ ਰੀਜ਼ਰਵ ਕਰਵਾਣ ਲਈ ਫੋਨ ਕਰੋ :

**ਗੁਰਚਰਨ ਰਾਮਪੁਰੀ**

**ਘਰ 986-2883**

**ਦਫਤਰ 669-1143**

**Great Pacific Management Co. Ltd.**

**Suite 300 - 1190 Hornby St.**

**Vancouver, B.C. V6Z 2K5**





Gurcharan Rampuri

**Great Pacific Management Co. Ltd.**

Suite 300-1190 Hornby Street

Vancouver, B.C. V6Z 2K5

**Bus: 669-1143**

**Res: 986-2883**

**ਗੁਰਚਰਨ ਰਾਮਪੁਰੀ**

**ਗਰੇਟ ਪੈਸੀਫਿਕ**

**ਮੈਨੇਜਮੈਂਟ ਕੰ: ਲਿਮਿ:**

ਸੁਈਟ 300-1190 ਹੌਰਨਬੀ ਸਟਰੀਟ,

ਵੈਨਕੂਵਰ ਬੀ. ਸੀ. V6Z 2K5

**Bus: 669-1143**

**Res: 986-2883**



A $10,000 INVESTMENT GREW IN VALUE TO

**$797,695**

**THAT'S GROWTH!...THAT'S**

**TEMPLETON GROWTH**

**It's a Fact!** An investment of $10,000 in 1954 when Templeton Growth Fund started . . . assuming reinvestment of all dividends and capital gains distributions, increased in value to $797,695 by April 30, 1985.

This is an update of the performance shown in the prospectus and covers a period of generally rising common stock prices. Of course there is no guarantee of future performance but you should **find out how the Templeton approach has produced these investment results.**




**Free Brochure**

Send coupon for a free brochure

**Templeton ...the name says it all.**

Name

Address

City Prov. Postal

Sold by prospectus only.

# ਸਮਾਨਤਾ ਸਭਿਆਚਾਰਕ ਪ੍ਰੋਗਰਾਮ — ਇਕ ਰੀਪੋਰਟ

31 ਮਈ 1986 ਦੀ ਸ਼ਾਮ ਦੇ ਸਾਢੇ ਛੇ ਵਜੇ ਵੈਨਕੂਵਰ ਟੈਕਨੀਕਲ ਸੈਕੰਡਰੀ ਸਕੂਲ ਵਿਚ ਸਮਾਨਤਾ ਤੇ ਬੀ. ਡਬਲਿਊ. ਐਸ. ਐਸ. (ਤਸ਼ੱਦਦ ਦੀਆਂ ਸ਼ਿਕਾਰ ਔਰਤਾਂ ਲਈ ਸਹਾਰਾ ਗਰੁੱਪ) ਵਲੋਂ ਇਕ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿਚ ਸਮਾਜੀ-ਘਰੇਲੂ ਸਮਸਿਆਵਾਂ ਉਤੇ ਦੋ ਡਰਾਮੇ "ਚੇਤਨਾ" ਤੇ "ਤੀਸਰੀ ਅੱਖ", ਲੋਕ ਗੀਤ ਸੰਗੀਤ ਅਤੇ ਛੋਟੀਆਂ ਬੱਚੀਆਂ ਦਾ ਗਿੱਧਾ ਪੇਸ਼ ਕੀਤਾ ਗਿਆ ਜਿਸ ਨੂੰ ਸਮਾਨਤਾ ਦੀ ਮੈਂਬਰ ਗੁਰਮੇਲ ਨੇ ਬੜੀ ਮਿਹਨਤ ਨਾਲ ਤਿਆਰ ਕਰਵਾਇਆ। ਸਟੇਜ ਦੀ ਕਾਰਵਾਈ ਸੰਭਾਲਣ ਦਾ ਕੰਮ ਪ੍ਰਮਿੰਦਰ ਰਾਏ ਨੇ ਨਿਭਾਇਆ।

ਇਸ ਸਭਿਆਚਾਰਕ ਪ੍ਰੋਗਰਾਮ ਦੇ ਵਿਸ਼ੇਸ਼ ਆਈਟਮ ਦੋ ਡਰਾਮੇ ਸਨ। "ਚੇਤਨਾ" - ਜਿਸ ਨੂੰ 1983 ਵਿਚ ਵੈਨਕੂਵਰ ਤੇ ਐਬਟਸਫੋਰਡ ਖੇਡਿਆ ਗਿਆ ਸੀ। ਇਸ ਨੂੰ ਸਮਾਨਤਾ ਦੇ ਮੈਂਬਰਾਂ ਨੇ ਲਿਖਿਆ ਤੇ ਸੁਰਜੀਤ ਕਲਸੀ ਨੇ ਡਾਇਰੈਕਟ ਕੀਤਾ। ਇਸ ਡਰਾਮੇ ਦੀਆਂ ਚਾਰ ਝਾਕੀਆਂ ਵਿਚ ਇਥੇ ਦਰਪੇਸ਼ ਆਉਂਦੀਆਂ ਸੱਮਸਿਆਵਾਂ ਵਿਚੋਂ ਚਾਰ ਵਲ ਧਿਆਨ ਦੁਆਇਆ ਗਿਆ ਹੈ ਜਿਵੇਂ ਕਿ ਪਹਿਲੀ ਝਾਕੀ ਵਿਚ ਨਜਾਇਜ਼ ਤੌਰ ਤੇ ਇੰਮੀਗਰੇਸ਼ਨ ਲੈਣ, ਦੂਜੀ ਝਾਕੀ ਵਿਚ ਸਾਡੇ ਨੌਜਵਾਨ ਬੱਚਿਆਂ ਨੂੰ ਸਭਿਆਚਾਰਕ ਦਵੰਧ ਕਰਕੇ ਪੇਸ਼ ਆਉਂਦੀ ਸੱਮਸਿਆ, ਤੀਜੀ ਝਾਕੀ ਵਿਚ ਸ਼ਰਾਬ ਦੀ ਸੱਮਸਿਆ, ਅਤੇ ਚੌਥੀ ਝਾਕੀ ਵਿਚ ਉਨ੍ਹਾਂ ਔਰਤਾਂ ਤੇ ਬੱਚਿਆਂ ਲਈ ਸਹਾਰੇ ਦੀ ਸੱਮਸਿਆ ਵੱਲ ਧਿਆਨ ਦੁਆਇਆ ਗਿਆ ਹੈ ਜਿਨ੍ਹਾਂ ਨੂੰ ਘਰਾਂ ਦੇ ਨਿੱਤ ਦੇ ਕਲੇਸ਼ ਵਿਚ ਮਾਰ ਕੁਟਾਈ ਕਰਕੇ ਘਰੋਂ ਕੱਢ ਦਿਤਾ ਜਾਂਦਾ ਹੈ ਤੇ ਜਿਨ੍ਹਾਂ ਦਾ ਇਸ ਬਗਾਨੇ ਮੁਲਕ ਵਿਚ ਕੋਈ ਹੋਰ ਆਸਰਾ ਨਹੀਂ ਹੁੰਦਾ। ਇਨ੍ਹਾਂ ਝਾਕੀਆਂ ਨੂੰ ਬੜੇ ਅਸਰਦਾਰ ਢੰਗ ਨਾਲ ਪੇਸ਼ ਜਿਨ੍ਹਾਂ ਕਲਾਕਾਰਾਂ ਨੇ ਕੀਤਾ ਉਹ ਸਨ : ਭੁਪਿੰਦਰ ਧਾਲੀਵਾਲ, ਪ੍ਰਮਿੰਦਰ ਰਾਏ, ਭਵਨੀਤ ਭੰਗੂ, ਗੁਰਚਰਨ ਟੱਲੇਵਾਲੀਆ, ਅੰਮ੍ਰਿਤ ਮਾਨ, ਅਕੁੰਰ ਨੀਲ (ਬਾਲ ਕਲਾਕਾਰ), ਸੁਰਜੀਤ ਕਲਸੀ, ਸੁਖਵਿੰਦਰ ਰੋਡੇ, ਹਰਜੀਤ (ਇੰਡੀਆ ਤੋਂ ਵਿਜ਼ਿਟ ਕਰ ਰਹੀ ਆਰਟਿਸਟ), ਜੋਗਿੰਦਰ ਆਹਲੂਵਾਲੀਆ ਅਤੇ ਏਜੈਕਸ ਕੁਇਨਬੀ।

ਦੂਸਰਾ ਡਰਾਮਾ "ਤੀਸਰੀ ਅੱਖ" ਪਰਿਵਾਰਾਂ ਵਿਚ ਔਰਤਾਂ ਤੇ ਬੱਚਿਆਂ ਉਤੇ ਹੁੰਦੇ ਖਾਮੋਸ਼ ਮਾਨਸਿਕ ਤਸੀਹੇ ਨੂੰ ਦਰਸਾਉਂਦਾ ਹੈ। "ਤੀਸਰੀ ਅੱਖ" ਦੇ ਲੇਖਕ ਤੇ ਨਿਰਦੇਸ਼ਕ ਅਜਮੇਰ ਰੋਡੇ ਹਨ ਜਿਨ੍ਹਾਂ ਨੇ ਇਸ ਡਰਾਮੇ ਨੂੰ ਬੜੀ ਮਿਹਨਤ ਨਾਲ ਤਿਆਰ ਕਰਵਾਇਆ। ਜਿਨ੍ਹਾਂ ਕਲਾਕਾਰਾਂ ਨੇ ਇਸ ਡਰਾਮੇ ਨੂੰ ਸਟੇਜ ਤੇ ਪੇਸ਼ ਕੀਤਾ ਉਹ ਸਨ ਭੁਪਿੰਦਰ ਧਾਲੀਵਾਲ, ਸੁਰਜੀਤ ਕਲਸੀ, ਹਰਜੀਤ(ਆਰਟਿਸਟ), ਗੁਰਚਰਨ ਦੂਆ, ਅਤੇ ਸੁਰਤੀ ਜਿਸ ਨੇ ਸਟੇਜ ਤੇ ਪਿਆਨੋ ਵੀ ਵਜਾਈ। ਪਿਛੋਕੜ ਦਾ ਸੰਗੀਤ, ਜਿਸ ਵਿਚ ਜ਼ਿਆਦਾਤਰ ਬੰਸਰੀ ਸੀ ਉਹ ਨਰਿੰਦਰ ਭਾਗੀ ਨੇ ਤਿਆਰ ਕਰਵਾਉਣ ਵਿਚ ਯੋਗਦਾਨ ਪਾਇਆ।

ਸਮਾਨਤਾ ਉਨ੍ਹਾਂ ਸਾਰੇ ਸੰਗੀਤਕਾਰਾਂ ਤੇ ਗਾਇਕਾ ਦਾ ਬਹੁਤ ਧੰਨਵਾਦ ਕਰਦੀ ਹੈ ਜਿਨ੍ਹਾਂ ਨੇ 1982 ਤੋਂ ਲੈ ਕੇ ਹੁਣ ਤੱਕ ਸਮਾਨਤਾ ਦੇ ਸਭਿਆਚਾਰਕ ਪਰੋਗਰਾਮਾਂ ਵਿਚ ਸੰਗੀਤ ਦਿਤਾ ਉਹਨਾ 'ਚੋਂ ਖਾਸ ਕਰਕੇ ਪ੍ਰੇਮ ਸਿੰਘ ਕੈਂਥ, ਦੇਵਿੰਦਰ ਸਿੰਘ ਕੈਂਥ ਤੇ ਅਮਰਜੀਤ ਜੋਸ਼ ਦੇ ਨਾਂ ਖਾਸ ਕਰਕੇ ਵਰਨਣਯੋਗ ਹਨ ਇਨ੍ਹਾਂ ਤੋਂ ਇਲਾਵਾ ਗੁਰਸੇਵਕ ਸਿੰਘ ਮਾਨ ਨੇ ਆਪਣੇ ਗੀਤ ਸੁਣਾਏ, ਬਲਤੇਜ ਸਿੰਘ ਨੇ ਤਬਲੇ ਅਤੇ ਰਣਜੀਤ ਸਿੰਘ ਨੇ ਗਿਟਾਰ ਨਾਲ ਸਾਥ ਦਿਤਾ। ਸਮਾਨਤਾ ਵਲੋਂ ਪ੍ਰਮਿੰਦਰ ਰਾਏ ਨੇ ਇਕ ਲੋਕ ਗੀਤ ਗਾਇਆ ਅਤੇ ਬੀ. ਡਬਲਿਯੂ. ਐਸ. ਐਸ. ਵਲੋਂ ਲਿਨ ਜਾਨਸਟਨ ਨੇ ਦੋ ਗੀਤ ਗਾਏ।

ਇਸ ਪ੍ਰੋਗਰਾਮ ਵਿਚ ਸਟੇਜ ਦੇ ਅਗੇ ਪੌੜੀਆਂ ਉਤੇ ਦੋ ਆਰਟਿਸਟਾਂ ਦੀਆਂ ਪੇਂਟਿੰਗਾਂ ਦੀ ਪ੍ਰਦਰਸ਼ਨੀ ਲਾਈ ਗਈ ਇਹ ਸਨ ਹਰਜੀਤ ਅਤੇ ਰੇ ਗੇਬਰੀਅਲ। ਹਰਜੀਤ ਦੇ ਰੇਖਾ ਚਿਤਰ ਔਰਤ ਦੇ ਮਾਨਸਿਕ ਤਣਾਓ ਤੇ ਘੁਟਨ ਨੂੰ ਦਰਸਾਉਂਦੇ ਹਨ।

ਬੀ. ਡਬਲਿਊ. ਐਸ. ਐਸ. ਵਲੋਂ ਬੋਲਦਿਆਂ ਏਜੈਕਟ ਕੁਇਨਬੀ ਨੇ ਕਿਹਾ ਕਿ ਸਾਨੂੰ ਇਸ ਗੱਲ ਤੇ ਬਹੁਤ ਖੁਸ਼ੀ ਹੈ ਕਿ ਅਸੀਂ ਇਸ ਪਰੋਗਰਾਮ ਰਾਹੀਂ ਇੰਡੋ-ਕਨੇਡੀਅਨ ਕਮਿਊਨਿਟੀ ਨਾਲ ਮੇਲਜੋਲ ਵਧਾ ਸਕਦੇ ਹਾਂ ਅਤੇ ਇਕ ਦੂਜੇ ਨੂੰ ਚੰਗੀ ਤਰ੍ਹਾਂ ਸਮਝਣ ਵਿਚ ਮਦਦ ਹੋ ਸਕਦੀ ਹੈ, ਇਹ ਉਨ੍ਹਾਂ ਵਲੋਂ ਦੂਜਾ ਮੌਕਾ ਹੈ ਜਦੋਂ ਕਿ ਭਾਰਤੀ ਲੋਕਾਂ ਵਿਚ ਉਨ੍ਹਾਂ ਕੋਈ ਅਜਿਹਾ ਪਰੋਗਰਾਮ ਸਾਂਝੇ ਤੌਰ ਤੇ ਪੇਸ਼ ਕੀਤਾ ਹੋਵੇ।

ਸਮਾਨਤਾ ਦੀ ਕੋਆਰਡੀਨੇਟਰ ਜਸਬੀਰ ਆਹਲੂਵਾਲੀਆ ਨੇ ਆਪਣੇ ਸੁਆਗਤੀ ਭਾਸ਼ਣ ਵਿਚ ਕਿਹਾ ਕਿ ਸਮਾਨਤਾ ਕਮਿਊਨਿਟੀ ਵਿਚ ਉਨ੍ਹਾਂ ਔਰਤਾਂ ਤੇ ਬੱਚਿਆਂ ਦੀ ਭਲਾਈ ਲਈ ਕੰਮ ਕਰਦੀ ਆ ਰਹੀ ਹੈ ਜਿਨ੍ਹਾਂ ਨੂੰ ਘਰਾਂ






ਦੇ ਤਸ਼ੱਦਦ, ਮਾਰਕੁਟਾਈ ਤੇ ਬੇਇਜ਼ਤੀ ਦਾ ਸ਼ਿਕਾਰ ਹੋਣਾ ਪੈਂਦਾ ਹੈ। ਸਮਾਨਤਾ ਆਪਣੀ ਕਮਿਊਨਿਟੀ ਵਿਚ ਇਕ ਸੇਵਾ ਦੇ ਤੌਰ ਤੇ ਕੰਮ ਕਰ ਰਹੀ ਹੈ ਤੇ ਔਰਤਾਂ ਨੂੰ ਹੋਰਨਾਂ ਸਮਾਜਕ ਸੇਵਾਵਾਂ ਦੀ ਜਾਣਕਾਰੀ ਦੇਂਦੀ ਹੈ। ਉਨ੍ਹਾਂ ਨੇ ਬੀ. ਡਬਲਿਊ. ਐਸ. ਐਸ. ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਨੂੰ ਮਾਣ ਹੈ ਕਿ ਇਨ੍ਹਾਂ ਨੇ ਫਿਰ ਅਜਿਹਾ ਪਰੋਗਰਾਮ ਪੇਸ਼ ਕਰਨ ਵਿਚ ਮੱਦਦ ਕੀਤੀ ਹੈ ਇਨ੍ਹਾਂ ਨੇ 1982 ਵਿਚ ਮਹਿਲੀਂ ਵਸਦੀਆਂ ਧੀਆਂ ਪਰੋਗਰਾਮ ਪੇਸ਼ ਕਰਨ ਵਿਚ ਵੀ ਮੱਦਦ ਕੀਤੀ ਸੀ।

ਇਕੱਤੀ ਮਈ ਵਾਲੇ ਵੀਕਇੰਡ ਤੇ ਵੈਨਕੂਵਰ ਵਿਚ ਕਈ ਹੋਰ ਪਰੋਗਰਾਮ ਚਲਦੇ ਹੋਣ ਦੇ ਬਾਵਜੂਦ ਵੀ ਸਮਾਨਤਾ ਦੇ ਇਸ ਸਭਿਆਚਾਰਕ ਪਰੋਗਰਾਮ ਤੇ ਖਾਸ ਕਰਕੇ ਡਰਾਮਿਆਂ ਨੂੰ ਦੇਖਣ ਕੋਈ ਤਿੰਨ ਸੌ ਦੇ ਕਰੀਬ ਲੋਕ ਆਏ ਅਤੇ ਉਨ੍ਹਾਂ ਨੇ ਪਰੋਗਰਾਮ ਦੀ ਸ਼ਲਾਘਾ ਕਰਕੇ ਕਲਾਕਾਰਾਂ ਦੀ ਹੌਂਸਲਾਹਫਜ਼ਾਈ ਕੀਤੀ ਖਾਸ ਕਰਕੇ ਬੱਚੀਆਂ ਦਾ ਗਿੱਧਾ ਬਹੁਤ ਪਸੰਦ ਕੀਤਾ ਗਿਆ।

ਸਮਾਨਤਾ ਵਲੋਂ ਉਨ੍ਹਾਂ ਸਾਰੇ ਕਲਾਕਾਰਾਂ ਅਤੇ ਉਨ੍ਹਾਂ ਵਿਅਕਤੀਆਂ ਦਾ ਧੰਨਵਾਦ ਹੈ ਜਿਨ੍ਹਾਂ ਨੇ ਇਸ ਪਰੋਗਰਾਮ ਨੂੰ ਸਫਲ ਬਣਾਉਣ ਵਿਚ ਮਿਲਵਰਤਣ ਦਿਤਾ ਅਗੋਂ ਤੋਂ ਵੀ ਅਸੀਂ ਆਸ ਕਰਦੇ ਹਾਂ ਕਿ ਉਹ ਘਰੇਲੂ ਤਸ਼ੱਦਦ ਵਰਗੀ ਸੱਮਸਿਆ ਨੂੰ ਕਮਿਊਨਿਟੀ 'ਚੋਂ ਖਤਮ ਕਰਨ ਲਈ ਪੇਸ਼ ਕੀਤੇ ਗਏ ਪ੍ਰੋਗਰਾਮਾਂ ਵਿਚ ਸਾਡਾ ਸਾਥ ਦੇਣਗੇ। ਜਿਨ੍ਹਾਂ ਵਲੰਟੀਅਰਜ਼ ਨੇ ਫੂਡ ਵੇਚਣ ਦਾ ਅਤੇ ਬੇਬੀ ਸਿਟਿੰਗ ਦਾ ਕੰਮ ਕੀਤਾ ਉਨ੍ਹਾਂ ਦੇ ਵੀ ਅਸੀਂ ਬਹੁਤ ਸ਼ੁਕਰਗੁਜ਼ਾਰ ਹਾਂ।

## ਭਾਰਤ ਕਾਮਨਵੈਲਥ ਛੱਡੇਗਾ?

ਲੰਡਨ — ਪਤਾ ਲੱਗਾ ਹੈ ਕਿ ਭਾਰਤ ਸਰਕਾਰ ਨੇ ਬਰਤਾਨੀਆ ਸਰਕਾਰ ਉਤੇ ਜ਼ੋਰ ਦਿਤਾ ਹੈ ਕਿ ਉਹ ਦਹਿਸ਼ਤਪਸੰਦਾਂ ਦੀਆਂ ਕਾਰਵਾਈਆਂ ਨੂੰ ਨੱਥ ਪਾਵੇ ਜੇ ਬਰਤਾਨੀਆ ਨੇ ਉਹੀ ਟਾਲਮਟੋਲ ਦੀ ਨੀਤੀ ਜਾਰੀ ਰੱਖੀ ਤਾਂ ਭਾਰਤ ਕਾਮਨਵੈਲਥ ਛੱਡਣ ਬਾਰੇ ਵੀ ਸੋਚ ਸਕਦਾ ਹੈ।

## ਤਿੰਨ ਹਮਲਿਆਂ ਵਿਚ ਦਸ ਵਿਅਕਤੀ ਹਲਾਕ

ਚੰਡੀਗੜ੍ਹ — ਲੁਧਿਆਣਾ, ਪਟਿਆਲਾ ਤੇ ਅੰਮ੍ਰਿਤਸਰ ਵਿਚ ਪਿਛਲੇ ਦਿਨ ਦਸ ਵਿਅਕਤੀ ਹਲਾਕ ਹੋਏ। ਪੰਜਾਬੀ ਯੂਨੀਵਰਸਿਟੀ ਦਾ ਇਕ ਵਿਦਿਆਰਥੀ ਜੋ ਈਰਾਨ ਤੋਂ ਆ ਕੇ ਵਿਦਿਆ ਲੇ ਰਿਹਾ ਸੀ, ਦਹਿਸ਼ਤਪਸੰਦਾਂ ਦੀ ਗੋਲੀ ਦਾ ਸ਼ਿਕਾਰ ਹੋ ਗਿਆ।

ਬਰਨਬੀ ਵਿਚ ਨਵਾਂ ਗਰੌਸਰੀ ਸਟੋਰ

ਸੈਂਟਰਲ ਮਾਰਕਿਟ

ਹੁਣ ਤੁਸੀਂ ਹਰ ਕਿਸਮ ਦੀ ਭਾਰਤੀ ਗਰੌਸਰੀ, ਵਧੀਆ ਅਤੇ ਵਾਜਬ ਕੀਮਤਾਂ ਵਿਚ ਇਥੋਂ ਪ੍ਰਾਪਤ ਕਰੋ — ਤਾਜ਼ੀਆਂ ਸਬਜ਼ੀਆਂ ਵੀ ਮਿਲ ਸਕਦੀਆਂ ਹਨ

ਸਟੋਰ ਸੱਤੇ ਦਿਨ ਖੁਲ੍ਹਾ ਰਹਿੰਦਾ ਹੈ — ਸਵੇਰੇ 9.00 ਵਜੇ ਤੋਂ ਸ਼ਾਮ ਦੇ 9.00 ਵਜੇ ਤੱਕ

CENTRAL MARKET

7421 Edmonds Street, BURNABY, B.C.

Ph. 521-7903

# ਵਾਰਸਾ ਸੰਧੀ ਦੇ ਮੁਲਕ ਫੌਜਾਂ ਵਿਚ ਕਟੌਤੀ ਕਰਨ ਦੇ ਹੱਕ 'ਚ

ਵਾਰਸਾ ਸੰਧੀ ਦੇ ਮੁਲਕਾਂ ਦੀ ਇਥੇ ਹੋਈ ਇਕ ਉਚ ਪੱਧਰੀ ਮੀਟਿੰਗ ਵਿਚ ਇਹ ਫੈਸਲਾ ਸਰਵਸੰਮਤੀ ਨਾਲ ਕੰਮ ਕੀਤਾ ਗਿਆ ਕਿ ਦੋਵਾਂ ਗੁਟਾਂ ਨੂੰ ਗਲਬਾਤ ਰਾਹੀਂ ਆਪਣੀਆਂ ਫੌਜਾਂ ਵਿਚ ਕਟੌਤੀ ਕਰਨੀ ਚਾਹੀਦੀ ਹੈ ਕਿਉਂਕਿ ਸੰਸਾਰ ਅਮਨ ਲਈ ਅਜ ਵੱਡਾ ਖਤਰਾ ਹੈ। ਪੂਰਬੀ ਜਰਮਨੀ ਵਿਚ ਜਰਮਨ ਕਮਿਊਨਿਸਟ ਪਾਰਟੀ ਦੀ ਕਾਂਗਰਸ ਵਿਚ ਵੀ ਬੋਲਦਿਆਂ ਗੋਰਬਾਚੇਵ ਨੇ ਪੱਛਮੀ ਅਤੇ ਪੂਰਬੀ ਤਾਕਤਾਂ ਨੂੰ ਫੌਜ ਹਵਾਈ ਸੈਨਾ ਅਤੇ ਹਥਿਆਰਾਂ ਵਿਚ ਭਾਰੀ ਕਟੌਤੀਆਂ ਕਰਨ ਦੇ ਸੁਝਾਅ ਪੇਸ਼ ਕੀਤੇ ਸਨ। ਇਕ ਸੀਨੀਅਰ ਸੋਵੀਅਤ ਸ਼ਸ਼ਤਰਾ ਦੇ ਮਾਹਿਰ ਜਨਰਲ ਨਿਕੋਲਾਈ ਚੇਰਵੋਵ ਨੇ ਕਿਹਾ ਕਿ ਵਾਰਸਾ ਪੈਕਟ ਵਿਆਨਾ ਵਿਚ ਚਲ ਰਹੀ ਹਥਿਆਰਾਂ ਸਬੰਧੀ ਗਲਬਾਤ ਦੇ ਠੋਸ ਸਿੱਟੇ ਚਾਹੁੰਦਾ ਹੈ ਪਰ ਇਹ ਕਾਫੀ ਔਖਾ ਹੋਵੇਗਾ ਜਦੋਂ ਕਿ ਪਿਛਲੇ ਤੇਰਾਂ ਸਾਲਾਂ ਤੋਂ ਕੋਈ ਸੰਧੀ ਨਹੀਂ ਹੋਈ ਵਾਰਸਾ ਸੰਧੀ ਅਤੇ ਨਾਟੋ ਸੰਧੀ ਮੁਲਕਾਂ ਵਿਚ।

# ਸ੍ਰੀ ਲੰਕਾ ਦੀਆਂ ਬੱਸਾਂ ਵਿਚ ਟਾਈਮ ਬੰਬ ਫਟਣ ਨਾਲ 70 ਮਰੇ

ਕੋਲੰਬੋ — ਟਰਿੰਕੋਮਲੀ ਜੋ ਸ੍ਰੀ ਲੰਕਾ ਦੇ ਇਕ ਪੂਰਬੀ ਪ੍ਰਾਂਤ ਦੀ ਰਾਜਧਾਨੀ ਹੈ ਵਿਚ ਦੋ ਬੱਸਾਂ ਵਿਚ ਟਾਈਮ ਬੰਬ ਫਟੇ। ਜਿਸਦੇ ਸਿੱਟੇ ਵਜੋਂ ਸੱਤਰ ਵਿਅਕਤੀ ਮਾਰੇ ਗਏ। ਦਸਿਆ ਜਾਂਦਾ ਹੈ ਕਿ ਇਕ ਬੱਸ ਕੋਲੰਬੋ ਨੂੰ ਜਾ ਰਹੀ ਸੀ ਜਦੋਂ ਕਿ ਦੂਸਰੀ ਕਾਂਤਾਲਾਈ ਨੂੰ। ਸ੍ਰੀ ਲੰਕਾ ਦੇ ਆਵਾਜਾਈ ਮਹਿਕਮੇ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ ਵੱਧ ਵੀ ਹੋ ਸਕਦੀ ਹੈ। ਮਰਨ ਵਾਲੇ ਜ਼ਿਆਦਾ ਸਿਹਲੀ ਹੀ ਸਨ ਤੇ ਸਰਕਾਰ ਇਹਨਾਂ ਬੰਬ ਵਿਸਫੋਟਾਂ ਲਈ ਤਾਮਿਲ ਗੁਰੀਲਿਆਂ ਨੂੰ ਜ਼ਿੰਮੇਵਾਰ ਕਰਾਰ ਦੇ ਰਹੀ ਹੈ। ਤਾਮਿਲ ਗੁਰੀਲੇ ਜੋ ਵੱਖਰੇ ਹੋਮਲੈਂਡ ਦੀ ਮੰਗ ਕਰ ਰਹੇ ਹਨ। ਤਾਮਿਲ ਲੋਕਾਂ ਦੀ ਗਿਣਤੀ ਸ੍ਰੀ ਲੰਕਾ ਵਿਚ 18 ਪ੍ਰਤੀਸ਼ਤ ਦੇ ਲਗਭਗ ਹੈ ਇਹ ਤਾਮਿਲ ਲੋਕ ਦੋਸ਼ ਲਾਉਂਦੇ ਹਨ ਕਿ ਸਿਹਲੀ ਜੋ ਬਹੁਮਤ ਵਿਚ ਹਨ ਤੇ ਬੁਧਮਤ ਵਿਚ ਵਿਸ਼ਵਾਸ਼ ਰਖਦੇ ਹਨ ਤਾਮਿਲ ਲੋਕਾਂ ਨਾਲ ਵਿਤਕਰੇ ਭਰਿਆ ਵਰਤਾਅ ਕਰਦੇ ਹਨ।

# ਸ੍ਰੀ ਉਜੱਲ ਦੁਸਾਂਝ ਨੂੰ ਲਿਖਤੀ ਧਮਕੀ

ਵੈਨਕੂਵਰ — ਪਤਾ ਲੱਗਾ ਹੈ ਕਿ ਕਮਿਊਨਿਟੀ ਦੇ ਜਾਣੇ ਪਛਾਣੇ ਵਕੀਲ ਸ੍ਰੀ ਉਜੱਲ ਦੁਸਾਂਝ ਨੂੰ ਲਿਖਤੀ ਧਮਕੀ ਦਿਤੀ ਗਈ ਹੈ ਕਿ ਉਹ ਕਮਿਊਨਿਟੀ ਦੇ ਮਸਲਿਆਂ ਬਾਰੇ ਬੋਲਣਾ ਬੰਦ ਕਰ ਦਏ।

ਯਾਦ ਰਹੇ ਕਿ ਫਰਵਰੀ 1985 ਵਿਚ ਉਨ੍ਹਾਂ ਉਤੇ ਉਨ੍ਹਾਂ ਦੇ ਦਫਤਰ ਦੇ ਪਿਛਵਾੜੇ ਇਕ ਵਿਅਕਤੀ ਵਲੋਂ ਕਾਤਲਾਨਾ ਹਮਲਾ ਕੀਤਾ ਗਿਆ ਸੀ।

ਸ੍ਰੀ ਦੁਸਾਂਝ ਨੇ ਕਿਹਾ ਕਿ ਉਹ ਆਪਣੇ ਕਮਿਊਨਿਟੀ ਪ੍ਰਤੀ ਫਰਜ਼ਾਂ ਤੋਂ ਕੁਤਾਹੀ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਕੈਨੇਡਾ ਵਿਚ ਹਰ ਵਿਅਕਤੀ ਨੂੰ ਲਿਖਣ ਅਤੇ ਬੋਲਣ ਦੀ ਆਜ਼ਾਦੀ ਹੈ। ਇਸ ਲਈ ਦੂਜੇ ਦੇ ਹੱਕਾਂ ਉਤੇ ਛਾਪਾ ਨਹੀਂ ਮਾਰਿਆ ਜਾ ਸਕਦਾ।

# ਏਅਰ ਇੰਡੀਆ ਬੰਬ ਕੇਸ 5 ਵਿਅਕਤੀਆਂ ਦੀਆਂ ਜ਼ਮਾਨਤਾਂ ਨਾ ਹੋਈਆਂ

ਮੌਂਟਰੀਅਲ — ਨੀਊਯਾਰਕ ਤੋਂ ਉਡਣ ਵਾਲੇ ਏਅਰ-ਇੰਡੀਆ ਜਹਾਜ਼ 112 ਨੂੰ ਬੰਬ ਨਾਲ ਉਡਾ ਦੇਣ ਦੀ ਸਾਜ਼ਿਸ਼ ਵਿਚ ਫੜੇ ਪੰਜ ਵਿਅਕਤੀਆਂ ਦੀ ਜ਼ਮਾਨਤ ਦੀ ਅਰਜ਼ੀ ਫਾਜ਼ਲ ਜੱਜ ਨੇ ਰੱਦ ਕਰਦਿਆਂ ਕਿਹਾ ਕਿ ਅਜਿਹੇ ਵਿਅਕਤੀਆਂ ਤੋਂ ਖਤਰੇ ਕਾਰਨ ਜ਼ਮਾਨਤਾਂ ਨਹੀਂ ਲਈਆਂ ਜਾ ਸਕਦੀਆਂ। ਇਨ੍ਹਾਂ ਫੜੇ ਗਏ ਵਿਅਕਤੀਆਂ ਵਿਚ ਇਕ 21 ਸਾਲਾ ਨੌਜੁਆਨ ਮਨਿੰਦਰ ਸਿੰਘ ਆਨੰਦ ਵੀ ਹੈ ਜਿਸਦੀ ਪਤਨੀ 27 ਮਈ ਨੂੰ ਮੌਂਟਰੀਅਲ ਪੁਜੀ ਪਰ ਮਨਿੰਦਰ ਆਨੰਦ ਨੂੰ 29 ਮਈ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਖਬਰਾਂ ਅਨੁਸਾਰ ਇਹ ਸ਼ੱਕੀ ਵਿਅਕਤੀ ਬੱਬਰ ਖਾਲਸਾ ਸੰਸਥਾ ਨਾਲ ਸਬੰਧਤ ਹਨ।

# ਸ਼ੇਕ ਤੇ ਸ਼ਿੰਗਲ ਡਿਪਲੋਮੇਸੀ ਤੇ ਇਸਦਾ ਮਜ਼ਦੂਰਾਂ ਉਪਰ ਅਸਰ

ਵਲੋਂ : ਚਰਨਪਾਲ ਗਿੱਲ

ਪਿਛਲੇ ਸ਼ੁਕਰਵਾਰ ਤੋਂ ਜੋ 35 ਪਰਸੈਂਟ ਟੈਕਸ ਸ਼ੇਕ ਅਤੇ ਸ਼ਿੰਗਲਾਂ ਉਪਰ ਲਾਇਆ ਸੀ, ਲਾਗੂ ਹੁੰਦਾ ਹੈ। ਇਸਦੇ ਨਾਲ ਹੀ ਰੀਗਨ ਸਰਕਾਰ ਨੇ ਲੱਕੜ ਤੋਂ ਬਣਨ ਵਾਲੀ ਵਸਤੂਆਂ ਤੇ ਸਟੀਲ ਤੋਂ ਬਣੀਆਂ ਹੋਈਆਂ ਵਸਤੂਆਂ ਉਪਰ ਭੀ 41 ਪਰਸੈਂਟ ਟੈਕਸ ਠੋਕ ਦਿਤਾ ਹੈ। ਅਮਰੀਕਾ ਵਿਚ ਲੰਬਰ ਦੀ ਵਿਰੋਧਤਾ ਕਰਨ ਵਾਲੇ ਸਿਆਸੀ ਆਗੂਆਂ ਨੇ ਬਹੁਤ ਹੀ ਝੂਠਾ ਮੂਠਾ ਪਰਚਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਬੀ. ਸੀ. ਵਿਚ ਸਰਕਾਰ ਮਿੱਲ ਵਾਲਿਆਂ ਨੂੰ ਮੁਫਤ ਵਾਂਗ ਹੀ ਲੱਕੜਾਂ ਦਿੰਦੀ ਹੈ ਤੇ ਸਟੈਂਪਾਂ ਦੀ ਫੀਸ ਬਹੁਤ ਥੋੜੀ ਹੈ ਇਸ ਕਰਕੇ ਅਮਰੀਕਾ ਦੀਆਂ ਲੱਕੜ ਦੀਆਂ ਮਿੱਲਾਂ ਬੰਦ ਹੋ ਰਹੀਆਂ ਹਨ ਤੇ ਬਹੁਤ ਸਾਰੇ ਮਜ਼ਦੂਰ ਬੇਰੁਜ਼ਗਾਰ ਹੋ ਚੁੱਕੇ ਹਨ। ਅਸਲ ਵਿਚ ਅਮਰੀਕਾ ਚਾਹੁੰਦਾ ਹੈ ਕਿ ਕੈਨੇਡਾ ਦੇ ਕੁਦਰਤੀ ਜ਼ਰੀਏ ਵਰਤੇ ਜਾਣ। ਕੈਨੇਡਾ ਚਾਹੁੰਦਾ ਹੈ ਕਿ ਅਸੀਂ ਕੁਦਰਤੀ ਜ਼ਰੀਈਆਂ ਨੂੰ ਆਪ ਕੈਨੇਡਾ ਦੀ ਧਰਤੀ ਤੇ ਵਰਤੀਏ ਤਾਂਕਿ ਸਾਡੇ ਲੋਕਾਂ ਨੂੰ ਨੌਕਰੀਆਂ ਮਿਲਣ। ਇਹ ਪਾੜਾ ਵੱਡਾ ਡੂੰਘਾ ਹੋ ਰਿਹਾ ਹੈ ਤੇ ਦਿਨ ਬਦਿਨ ਕੈਨੇਡਾ ਤੇ ਅਮਰੀਕਾ ਦੇ ਦੋਸਤਾਨਾ ਤੇ ਪੜੋਸੀ ਰਿਸ਼ਤਿਆਂ 'ਚ ਤਰੇੜ ਪੈ ਰਹੀ ਹੈ।

ਇਸ ਗੱਲ ਦਾ ਅਸਰ ਸਾਡੇ ਸਿਆਸੀ ਲੀਡਰਾਂ ਤੇ ਭੀ ਪੈ ਰਿਹਾ ਹੈ। ਕਈ ਮੈਦਾਨ ਛੱਡ ਕੇ ਭੱਜ ਗਏ ਹਨ। ਮਲਰੂਨੀ ਨੇ ਗਿੱਦੜ ਭਬਕੀ ਮਾਰੀ ਤੇ ਵਾਸ਼ਿੰਗਟਨ ਨੂੰ ਸੁਨੇਹਾ ਪਹੁੰਚਾਉਣ ਲਈ ਕਿਤਾਬਾਂ, ਕੰਪਿਊਟਰ ਪਾਰਟ ਤੇ ਕਾਰਾਂ ਅਤੇ ਇਨ੍ਹਾਂ ਦੇ ਪਾਰਟਾਂ ਤੇ ਦਸ ਪਰਸੈਂਟ ਡਿਊਟੀ ਲਾ ਦਿਤੀ। ਵਿਰੋਧੀਆਂ ਪਾਰਟੀਆਂ ਨੇ ਜ਼ੋਰ ਪਾਇਆ ਕਿ ਇਹ ਟੈਕਸ ਹਟਾਇਆ ਜਾਵੇ ਤੇ ਸਰਕਾਰ ਤੇ ਜ਼ੋਰ ਪਾਇਆ ਜੋ ਕਾਮੇ ਬੇਰੁਜ਼ਗਾਰ ਹੋ ਚੁੱਕੇ ਹਨ ਉਨ੍ਹਾਂ ਨੂੰ ਮੁਆਵਾਜ਼ਾ ਦਿਤਾ ਜਾਵੇ।

## ਤਿਜ਼ਾਰਤ ਯੁੱਧ

ਅਮਰੀਕਾ ਦੇ ਰੱਖਿਅਕ ਅੰਸ਼ ਨੇ ਤਿਜ਼ਾਰਤ ਯੁਧ ਘੋਲ ਹੋਰ ਭੀ ਤਿੱਖਾ ਕਰ ਦਿਤਾ ਹੈ। ਯੂ. ਐਸ. ਦੇ ਐਂਬਸੇਡਰ ਥੋਮਸ ਨਾਈਲਜ਼ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਦੇ ਦਬਾਅ ਥੱਲੇ ਆ ਕੇ ਜੋ ਮਲਰੂਨੀ ਨੇ ਭਬਕੀ ਮਾਰੀ ਹੈ ਉਹ ਕੈਨੇਡਾ ਨੂੰ ਨੁਕਸਾਨਦੇਹ ਹੋ ਸਕਦੀ ਹੈ। ਉਸਨੇ ਕਿਹਾ ਕਿ 1986 ਦੇ ਪਹਿਲੇ ਤਿੰਨ ਮਹੀਨਿਆਂ ਦੀ ਕੈਨੇਡਾ-ਅਮਰੀਕਾ ਤਿਜ਼ਾਰਤ ਵਿਚ ਕੈਨੇਡਾ ਨੇ ਛੇ ਕਰੋੜ ਦੀ ਵਾਧੂ ਤਿਜ਼ਾਰਤ ਕੀਤੀ ਹੈ ਜੋ ਕਿ ਸ਼ੇਕ ਅਤੇ ਸ਼ਿੰਗਲਾਂ ਦੀ ਕੀਮਤ ਨਾਲੋਂ ਤੀਹ ਗੁਣਾਂ ਜ਼ਿਆਦਾ ਹੈ। ਇਸ ਵਾਦ ਵਿਵਾਦ ਤੋਂ ਤੇ ਮਿਸਟਰ ਸ਼ੁਲਜ ਨਾਲ ਮੀਟਿੰਗ ਕਰਨ ਤੇ ਫੈਸਲਾ ਇਹ ਹੋਇਆ ਕਿ ਅੱਜ ਤੋਂ ਜਿਨਾ ਚਿਰ ਫਰੀ ਟਰੇਡ ਵਾਰੇ ਗੱਲਬਾਤ ਚੱਲ ਰਹੀ ਹੈ ਕੋਈ ਭੀ ਮੁਲਕ ਵਸਤੂਆਂ ਤੇ ਡਿਊਟੀ ਵਿਚ ਵਾਧਾ ਨਹੀਂ ਕਰੇਗਾ। ਕੈਨੇਡਾ ਨੂੰ ਅਮਰੀਕਾ ਨਾਲ ਸਿੱਧੀ ਟੱਕਰ ਲਾਕੇ ਭੀ ਫਾਇਦਾ ਨਹੀਂ ਕਿਉਂਕਿ ਅਮਰੀਕਾ ਦੀ ਮਾਰਕਿਟ ਬਹੁਤ ਵੱਡੀ ਹੈ। ਸਾਰੇ ਕੈਨੇਡਾ ਵਿਚ ਸਿਰਫ ਕੈਲੇਫੋਰਨੀਆ ਜਿੰਨੀ ਹੀ ਆਬਾਦੀ ਹੈ। ਜੇ ਅਮਰੀਕਾ ਚਾਹੇ ਤਾਂ ਕੈਨੇਡਾ ਦਾ ਸਾਹ ਘੁਟ ਸਕਦਾ ਹੈ। ਭਾਵੇਂ ਸਾਡੇ ਸਿਆਸੀ ਆਗੂਆਂ ਨੂੰ ਗੁੱਸਾ ਤਾਂ ਬਹੁਤ ਹੈ ਪਰ ਉਹਨਾਂ ਨੂੰ ਭਲੀ ਭਾਤ ਪਤਾ ਹੈ ਕਿ ਇਸ ਵਾਰੇ ਕੁਝ ਨਹੀਂ ਕਰ ਸਕਦੇ।

ਤਿਜਾਰਤ ਅਮੀਰਾਂ ਲਈ ਮੁਨਾਫੇ ਦਾ ਸਾਧਨ ਹੈ। ਮੰਡੀਆਂ ਲੈਣ ਅਮੀਰ ਲੋਕ ਲੜਾਈਆਂ ਭੀ ਕਰਾਉਂਦੇ ਹਨ। ਦੂਜੇ ਮਹਾਂ ਯੁੱਧ ਦਾ ਕਾਰਨ ਹੀ ਇਹ ਸੀ। ਅਮੀਰ ਲੋਕ ਜੋ ਪਿਛੋਂ ਦੀ ਸਿਆਸੀ ਲੀਡਰ ਤੇ ਸਰਕਾਰਾਂ ਨੂੰ ਕੰਟਰੋਲ ਕਰਦੇ ਹਨ ਆਪਣੇ ਮੁਫਾਦ ਲਈ ਭੜਕਾ ਕੇ ਜੰਗ ਭੀ ਲਵਾ ਸਕਦੇ ਹਨ। ਇਨ੍ਹਾਂ ਲੋਕਾਂ ਨੂੰ ਮੰਦੇ ਕੰਮ ਕਰਨ ਦੀ ਭੀ ਝਿਜਕ ਨਹੀਂ ਜੇ ਇਨ੍ਹਾਂ ਨੂੰ ਜਾਣਕਾਰੀ ਹੋਵੇ ਕਿ ਇਹ ਇਸ ਪਿਤੋਂ ਮੁਨਾਫਾ ਖੱਟ ਸਕਦੇ ਹਨ।

## ਮਜ਼ਦੂਰ ਜਮਾਤ ਤੇ ਅਸਰ

ਇਸ ਤਿਜਾਰਤ ਦੇ ਘੋਲ ਵਿਚ ਨੁਕਸਾਨ ਹਮੇਸ਼ਾਂ ਮਜ਼ਦੂਰ ਦਾ ਹੁੰਦਾ ਹੈ।



ਸ਼ੇਕ ਅਤੇ ਸ਼ਿੰਗਲ ਦੇ ਰੌਲੇ ਨੇ ਪੰਜਾਬੀ ਕਮਿਊਨਿਟੀ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ ਤੇ ਭਵਿਖ ਵਿਚ ਭੀ ਇਸਦਾ ਸਾਨੂੰ ਨੁਕਸਾਨ ਹੋਵੇਗਾ। ਸ਼ਿੰਗਲ ਮਿੱਲਾਂ ਵਿਚ ਸੌ ਵਿਚ ਅੱਸੀ ਮਜ਼ਦੂਰ ਪੰਜਾਬੀ ਹਨ ਜੋ ਕਿ ਸਾਰੇ ਘਰ ਬੈਠੇ ਹਨ। ਇਸ ਆਰਥਿਕ ਸੱਟ ਨਾਲ ਸਾਡੀ ਕਮਿਊਨਿਟੀ ਕਮਜ਼ੋਰ ਹੋ ਜਾਵੇਗੀ। ਨਵੇਂ ਟੈਕਸ ਲੱਗਣ ਕਰਕੇ ਯੂਨੀਅਨ ਦੀਆਂ ਸਾਰੀਆਂ ਮਿੱਲਾਂ ਬੰਦ ਹੋ ਗਈਆਂ ਹਨ। ਬਿਨਾਂ ਯੂਨੀਅਨ ਤੋਂ ਮਿੱਲਾਂ ਭਾਵੇਂ ਚਲਦੀਆਂ ਰਹਿਣਗੀਆਂ। ਜਿਥੇ ਮਜ਼ਦੂਰ ਸੋਲਾਂ ਡਾਲਰ ਘੰਟੇ ਦੇ ਕਮਾਉਂਦਾ ਸੀ ਓਥੇ ਬਿਨਾਂ ਯੂਨੀਅਨ ਤੋਂ ਮਿੱਲਾਂ ਸਿਰਫ ਚਾਰ ਡਾਲਰ ਦੇ ਰਹੀਆਂ ਹਨ। ਇਨ੍ਹਾਂ ਮਿਲ ਮਾਲਕਾਂ ਦੀ ਤਾਂ ਅਜੇ ਭੀ ਚਾਂਦੀ ਬਣਦੀ ਹੈ। ਪਰ ਇਸ ਗੱਲ ਦਾ ਨੁਕਸਾਨ ਸਿਰਫ ਮਜ਼ਦੂਰ ਨੂੰ ਹੀ ਹੋਇਆ ਹੈ।

ਇਸ ਗੱਲ ਦੇ ਟੱਕਰਾ ਦਾ ਮਜ਼ਦੂਰਾਂ ਵਿਚ ਹੋਰ ਭੀ ਪੁਆੜਾ ਪੈਂਦਾ ਹੈ ਜਿਵੇਂ ਕਿ ਅਲਬਰਟਾ ਵਿਚ ਫਲੇਚਰ ਮੀਟ ਪਲਾਂਟ ਤੇ ਹੋਇਆ ਹੈ। ਮਾਲਕ ਨੇ ਮਜ਼ਦੂਰਾਂ ਨੂੰ ਕਿਹਾ ਕਿ ਤੁਸੀਂ ਤਨਖਾਹਾਂ ਵਿਚ ਕਾਟ ਕਰ ਲਵੋ ਤਾਂਕਿ ਕੰਪਨੀ ਬਚ ਜਾਵੇ ਤੇ ਉਸਨੇ ਵਾਅਦਾ ਕੀਤਾ ਕਿ ਜਦ ਕੰਪਨੀ ਪੈਸੇ ਬਨਾਉਣ ਲਗ ਜਾਵੇ ਤਾਂ ਮਜ਼ਦੂਰਾਂ ਦੀ ਤਨਖਾਹ ਵਧੇਗੀ। ਪਰ ਜਦ ਮਜ਼ਦੂਰਾਂ ਨੇ ਹੋਰ ਪੈਸੇ ਮੰਗੇ ਤਾਂ ਮਾਲਕ ਨੇ ਉਨ੍ਹਾਂ ਨੂੰ ਫੈਕਟਰੀ ਤੋਂ ਬਾਹਰ ਕੱਢ ਦਿਤਾ ਤੇ ਅੱਜ ਪੁਲਸ ਦੀ ਮੱਦਦ ਲੈ ਕੇ ਬੇਰੁਜ਼ਗਾਰ ਕਾਮਿਆਂ ਤੋਂ ਉਸ ਤੋਂ ਭੀ ਘੱਟ ਪੈਸੇ ਦੇ ਕੇ ਕੰਮ ਕਰਾ ਰਿਹਾ ਹੈ। ਬੇਰੁਜ਼ਗਾਰ ਕਾਮੇ ਯੂਨੀਅਨ ਤੋਂ ਉਲਟ ਕਰ ਦਿਤੇ। ਜਿਨ੍ਹਾਂ ਲੋਕਾਂ ਨੇ ਯੂਨੀਅਨ ਬਨਾਉਣ ਵਿਚ ਮੁਸ਼ਕਲਾਂ ਘਾਲੀਆਂ ਹਨ, ਉਨ੍ਹਾਂ ਨੂੰ ਪਤਾ ਹੈ ਕਿ ਯੂਨੀਅਨ ਕਿੰਨੀਆਂ ਮੁਸ਼ਕਲਾਂ ਨਾਲ ਬਣਦੀਆਂ ਹਨ ਤੇ ਇਸਦੇ ਕੀ ਫਾਇਦੇ ਹਨ। ਥੁੜ-ਚਿਰੀ ਲੋੜ ਵਿਚ ਫਸਕੇ ਬੇਰੁਜ਼ਗਾਰ ਮਜ਼ਦੂਰ ਆਪਣੇ ਹੀ ਭੈਣ ਭਰਾਵਾਂ ਦੀ ਪਿਕਟ ਲਾਈਨ ਵਿਚ ਦੀ ਲੰਘਕੇ ਜਾਣ ਇਕ ਬਹੁਤ ਹੀ ਸ਼ਰਮ ਵਾਲੀ ਗੱਲ ਹੈ।

ਜਿਸ ਮਿਲ ਵਿਚ ਅੱਜ ਕਾਮੇਂ ਕੰਮ ਤੋਂ ਹਟਾਏ ਗਏ ਹਨ, ਇਸੇ ਮਿਲ ਵਿਚ ਸੱਤਰ ਫੀ ਸਦੀ ਤੋਂ ਵੱਧ ਮਜ਼ਦੂਰਾਂ ਨੇ ਯੂਨੀਅਨ ਬਨਾਉਣ ਲਈ ਦਸਤਖਤ ਕੀਤੇ ਸਨ ਪਰ ਜਦ ਵੋਟਾਂ ਪਈਆਂ ਤਾਂ ਸਿਰਫ ਨਿਕਲੀਆਂ ਤੀਹ ਪਰਸੈਂਟ। ਹੁਣ ਭਲੀ ਭਾਂਤ ਪਤਾ ਲੱਗ ਗਿਆ ਹੈ ਕਿ ਮਜ਼ਦੂਰਾਂ ਨੇ ਆਪਦੇ ਹੀ ਪੈਰ ਕੁਹਾੜਾ ਮਾਰਿਆ। ਇਸ ਤਰ੍ਹਾਂ ਹੀ ਫਾਰਮ ਵਰਕਰ ਯੂਨੀਅਨ ਦਾ ਸਾਰੇ ਕਾਮਿਆਂ ਨੂੰ ਫਾਇਦਾ ਹੈ। ਭਾਵੇਂ ਅਜੇ ਯੂਨੀਅਨ ਖੇਤਾਂ 'ਚ ਨਹੀਂ ਬਣੀ ਪਰ ਯੂਨੀਅਨ ਦੇ ਬੋਲ ਬਾਲੇ ਨਾਲ ਅਸਰ ਬਹੁਤ ਹੈ। ਯੂ. ਆਈ. ਸੀ. ਵਾਰੇ ਅਤੇ ਹੈਲਥ ਅਤੇ ਸੇਫਟੀ ਦੇ ਕਾਨੂੰਨਾਂ ਬਾਰੇ ਤਕੜਾ ਘੋਲ ਚਲ ਰਿਹਾ ਹੈ। ਮੈਂਬਰਸ਼ਿਪ ਫੀਸ ਸਿਰਫ 25 ਡਾਲਰ ਸਾਲ ਦੀ ਹੈ। ਪਰ ਅਫਸੋਸ ਹੈ ਮੈਂਬਰ ਘਰੇ ਜਾ ਕੇ ਬਨਾਉਣੇ ਪੈਂਦੇ ਹਨ ਪਰ ਦਫਤਰ ਆ ਕੇ ਕੋਈ ਮੈਂਬਰ ਨਹੀਂ ਬਣਦਾ। ਮਜ਼ਦੂਰਾਂ ਦੀ ਰੀੜ ਦੀ ਹੱਡੀ ਟੁਟ ਰਹੀ ਹੈ ਤੇ ਹਰ ਰੋਜ਼ ਮਜ਼ਦੂਰਾਂ ਤੇ ਹਮਲੇ ਹੁੰਦੇ ਹਨ ਪਰ ਜਾਗੋਂਗੇ ਕਦੋਂ ?

## ਮੁਫਤ ਕਾਨੂੰਨੀ ਸਹਾਇਤਾ

ਅਗਰ ਤੁਸੀਂ ਕਿਸੇ ਕਾਨੂੰਨੀ ਨੁਕਤੇ ਤੇ ਗਲਬਾਤ ਕਰਨੀ ਚਾਹੁੰਦੇ ਹੋ ਅਤੇ ਮੱਦਦ ਲੈਣੀ ਮੰਗਦੇ ਹੋ ਤਾਂ ਲਿਟਲ ਮਾਊਨਟੇਨ ਨੇਬਰ ਹੁਡ 3981 ਮੇਨ ਸਟਰੀਟ, ਵੈਨਕੂਵਰ 'ਚ ਇਹ ਪ੍ਰਬੰਧ ਮੁਫਤ ਹੈ। ਇਥੇ "ਫਰੀ ਲੀਗਲ ਕਲੀਨਿਕ" ਗਰਮੀਆਂ ਵਿਚ ਚਲ ਰਹੀ ਹੈ। ਕਿਸੇ ਵੀ ਕਿਸਮ ਦੀ ਕਾਨੂੰਨੀ ਸਮੱਸਿਆ ਲਈ ਆਉ ਅਤੇ ਗੱਲਬਾਤ ਕਰੋ। ਫੋਨ ਕਰੋ ਕੁਲਜੀਤ ਨੂੰ 879-7104। ਜੇਕਰ ਤੁਹਾਨੂੰ ਬੋਲੀ ਦੀ ਸਮੱਸਿਆ ਹੈ ਤਾਂ ਫੋਨ ਕਰਕੇ ਸਮਾਂ ਲੈ ਲਵੋ, ਤੁਹਾਡੀ ਮਦਦ ਕੀਤੀ ਜਾਵੇਗੀ। ਹਿੰਦੀ ਅਤੇ ਪੰਜਾਬੀ ਦੋਨਾਂ ਜ਼ਬਾਨਾਂ 'ਚ ਦੁਭਾਸ਼ੀਆ ਪ੍ਰਾਪਤ ਹੈ ਫੋਨ 879-7104

# ਚੋਲਾ ਸਾਹਿਬ ਵਿਚ ਦੋ ਕਤਲ

ਅੰਮ੍ਰਿਤਸਰ — ਚੋਲਾ ਸਾਹਿਬ ਦੀ ਮੰਡੀ ਵਿਚ ਦੋ ਵਿਅਕਤੀ ਕਤਲ ਕਰ ਦਿਤੇ ਗਏ। ਚੋਲਾ ਸਾਹਿਬ ਸਰਹਾਲੀ ਥਾਣੇ ਵਿਚ ਪੈਂਦਾ ਹੈ।

ਪੁਲਸ ਮੌਕੇ ਉਤੇ ਪਹੁੰਚ ਗਈ। ਦਹਿਸ਼ਤਪਸੰਦ ਦੋ ਪੁਲਸੀਏ ਵੀ ਜ਼ਖਮੀ ਕਰ ਗਏ।


DOSANJH & PIRANI

#202 - 5887 Victoria Drive, Vancouver, B.C. V5P 3W5

Phone 327-6381

● ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ ● ਜ਼ਮੀਨ ਖ਼੍ਰੀਦਣ ਤੇ ਵੇਚਣ ਦੇ ਕਾਗਜ਼ਾਤ
● ਵਿਉਪਾਰਕ ਮਸਲੇ ● ਪ੍ਰਵਾਰ ਤੇ ਤਲਾਕ ● ਫੌਜਦਾਰੀ ਤੇ ਸਿਵਲ ● ਕੋਰਟ ਟਰਾਇਲ

ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ

# ਮੌਕਾਪ੍ਰਸਤੀ ਦੀ ਸ਼ਿਕਾਰ— ਭਾਰਤੀ ਸਿਆਸਤ

—ਦਰਬਾਰਾ ਸਿੰਘ ਕਾਹਲੋਂ—

ਲੋਕਤੰਤਰ ਜਿਵੇਂ ਕਿ ਅਸੀਂ ਜਾਣਦੇ ਹੀ ਹਾਂ ਸਰਕਾਰ ਦੀ ਇਕ ਕਿਸਮ ਹੀ ਨਹੀਂ ਬਲਕਿ ਇਕ ਪ੍ਰਭੂਸਤਾ ਪ੍ਰਾਪਤ ਰਾਜ ਅੰਦਰ ਲੋਕਾਂ ਦੇ ਜੀਊਣ ਦਾ ਇਕ ਢੰਗ ਅਤੇ ਵਿਵਸਥਾ ਹੈ। ਜੇ. ਐਸ. ਮਿਲ ਅਨੁਸਾਰ, "ਲੋਕਤੰਤਰ ਦੇਸ਼ ਪਿਆਰ ਦੇ ਜਜ਼ਬੇ ਨੂੰ ਉਭਾਰਦਾ ਹੈ ਤੇ ਪੱਕਾ ਕਰਦਾ ਹੈ ਕਿਉਂਕਿ ਸ਼ਹਿਰੀ ਇਹ ਮਹਿਸੂਸ ਕਰਦੇ ਹਨ ਕਿ ਸਰਕਾਰ ਉਨ੍ਹਾਂ ਦੀ ਆਪਣੀ ਹੀ ਉਪਜ ਹੈ ਅਤੇ ਰਾਜ ਕਰਨ ਵਾਲੇ ਉਨ੍ਹਾਂ ਦੇ ਮਾਲਕ ਨਹੀਂ ਬਲਕਿ ਨੌਕਰ ਹੁੰਦੇ ਹਨ।" ਪਰ ਭਾਰਤੀ ਲੋਕਤੰਤਰ ਦਾ ਦੁਖਾਂਤ ਇਹ ਹੈ ਕਿ ਇਹ ਅਜੇ ਤੱਕ ਭਾਰਤ ਵਾਸੀਆਂ ਵਿਚ ਦੇਸ਼ ਪਿਆਰ ਅਤੇ ਦੇਸ਼ ਭਗਤੀ ਦਾ ਜਜ਼ਬਾ ਪ੍ਰਪੱਕ ਨਹੀਂ ਕਰ ਸਕਿਆ ਭਾਵੇਂ ਦੇਸ਼ ਨੂੰ ਆਜ਼ਾਦ ਹੋਇਆਂ ਚਾਲੀ ਵਰ੍ਹੇ ਹੋਣ ਵਾਲੇ ਹਨ। ਇਸ ਦਾ ਮੁੱਖ ਕਾਰਨ ਭਾਰਤ ਦੇ ਲੋਕਤੰਤਰ ਦਾ ਮੌਕਾ ਪ੍ਰਸਤੀ ਦੀ ਰਾਜਨੀਤੀ ਦਾ ਸ਼ਿਕਾਰ ਹੋਣਾ ਹੈ। ਇਸ ਲੋਕਤੰਤਰ ਨੂੰ ਅੱਜ ਕੱਲ੍ਹ ਅਵਸਰਵਾਦੀ, ਆਪ ਮੁਹਾਰੇ, ਸੁਆਰਥੀ, ਸਾਮਰਾਜ ਦੇ ਪਿੱਠੂ ਅਤੇ ਕੁਰੱਪਟ ਲਾਣੇ ਨੇ ਆਪਣੀ ਜਕੜ ਵਿਚ ਕਾਬੂ ਕੀਤਾ ਹੋਇਆ ਹੈ।

## ਜਜ਼ਬਾ

ਭਾਰਤ ਦੀ ਸਭ ਤੋਂ ਤਕੜੀ ਜਥੇਬੰਦੀ ਜੋ ਰਾਜਨੀਤਕ, ਸਮਾਜਕ ਅਤੇ ਆਰਥਿਕ ਨਿਸ਼ਾਨਿਆਂ ਲਈ 1885 ਵਿਚ ਕਾਂਗਰਸ ਦੇ ਰੂਪ ਵਿਚ ਹੋਂਦ ਵਿਚ ਆਈ ਸੀ, ਕਦੀ ਵੀ ਭਾਰਤੀ ਲੋਕਾਂ ਵਿਚ ਦੇਸ਼ ਭਗਤੀ ਦਾ ਜਜ਼ਬਾ ਪੂਰਨ ਰੂਪ ਵਿਚ ਨਾ ਉਭਾਰ ਸਕੀ। ਸ਼ੁਰੂ ਵਿਚ ਇਸ ਨੇ ਦੂਹਰੀ ਵਫਾਦਾਰੀ ਅਪਣਾਈ। ਇਕ ਪਾਸੇ ਤਾਂ ਲੋਕਾਂ ਵਿਚ ਦੇਸ਼ ਭਗਤੀ ਦਾ ਜਜ਼ਬਾ ਉਸਾਰਦੀ ਹੋਈ ਦੇਸ਼ ਪ੍ਰਤੀ ਵਫਾਦਾਰੀ ਰੱਖਣ ਲਈ ਪਰਚਾਰ ਕਰਦੀ ਤੇ ਦੂਜੇ ਪਾਸੇ ਬ੍ਰਿਟਿਸ਼ ਬਾਦਸ਼ਾਹ ਪ੍ਰਤੀ ਵਫਾਦਾਰੀ ਰੱਖਣ ਲਈ ਵੀ ਪ੍ਰੇਰਦੀ। ਇੰਜ ਹੀ ਇਕ ਪਾਸੇ ਤਾਂ ਫਿਰਕਾਪ੍ਰਸਤੀ ਵਿਰੁੱਧ ਆਵਾਜ਼ ਬੁਲੰਦ ਕਰਦੀ ਤੇ ਦੂਜੇ ਪਾਸੇ ਫਿਰਕਾਪ੍ਰਸਤੀ ਨੂੰ ਆਪਣੀ ਜਥੇਬੰਦੀ ਵਿਚ ਵਿਸ਼ੇਸ਼ ਥਾਂ ਦਿੰਦੀ। ਖਿਲਾਫਤ ਅੰਦੋਲਨ ਨੂੰ ਇਸ ਨੇ ਅੱਗੇ ਚਲ ਕੇ ਪੂਰਾ ਸਾਥ ਦਿਤਾ। ਇੰਜ ਹੀ ਗੁਰਦੁਆਰਾ ਸੁਧਾਰ ਅੰਦੋਲਨ ਨੂੰ ਵੀ ਪੂਰਾ ਸਮਰਥਨ ਦਿਤਾ। ਇਹ ਅੰਦੋਲਨ ਭਾਵੇਂ ਬ੍ਰਿਟਿਸ਼ ਸਾਮਰਾਜ ਵਿਰੋਧੀ ਸਨ ਪਰ ਵਾਸਤਵਿਕ ਰੂਪ ਵਿਚ ਫਿਰਕੇਦਰਾਨਾ ਸੋਚ ਨੂੰ ਉਭਾਰਦੇ ਸਨ। ਪੰਡਤ ਨਹਿਰੂ ਨੇ ਵਾਰ ਵਾਰ ਕਾਂਗਰਸ ਪਾਰਟੀ ਵਿਚ ਮੌਕਾਪ੍ਰਸਤੀ ਦੀ ਰਾਜਨੀਤੀ ਦਾ ਡੱਟ ਕੇ ਵਿਰੋਧ ਕੀਤਾ ਪਰ ਪਾਰਟੀ ਨੂੰ ਟੁਕੜੇ ਟੁਕੜੇ ਹੋਣ ਤੋਂ ਬਚਾਉਣ ਖਾਤਰ ਅਤੇ ਦੇਸ਼ ਆਜ਼ਾਦੀ ਖਾਤਰ ਉਹ ਕਦੇ ਵੀ ਸਖਤ ਸਟੈਂਡ ਨਾ ਲੈ ਸਕੇ। ਪੂਨਾ ਪੈਕਟ ਜੋ ਗਾਂਧੀ ਜੀ ਨੇ 1932 ਵਿਚ ਹਰੀਜਨ ਨੇਤਾਵਾਂ ਨਾਲ ਹਰੀਜਨਾਂ ਨੂੰ ਦੇਸ਼ ਦੀ ਮੁੱਖ ਧਾਰਾ ਨਾਲ ਜੋੜਨ ਲਈ ਕੀਤਾ ਸੀ, ਅੱਜ ਦੇਸ਼ ਭਗਤੀ, ਬਰਾਬਰੀ ਅਤੇ ਸੁਤੰਤਰਤਾ ਲਈ ਅਤਿ ਘਾਤਕ ਸਿੱਧ ਹੋ ਰਿਹਾ ਹੈ।

ਦੇਸ਼ ਆਜ਼ਾਦੀ ਉਪਰੰਤ ਪੰਡਤ ਨਹਿਰੂ ਨੇ ਕਾਂਗਰਸੀ ਨੇਤਾਵਾਂ ਨੂੰ ਪਹਿਲੀਆਂ ਚੋਣਾਂ ਸਮੇਂ ਆਗਾਹ ਕੀਤਾ ਸੀ ਕਿ "ਭਲਾ ਇਸ ਵਿਚ ਹੀ ਹੈ ਕਿ ਅਸੀਂ ਆਪਣੀ ਆਤਮਾ ਨੂੰ ਸੁਅੱਛ ਰੱਖੀਏ। ਗਲਤ ਤਰੀਕਿਆਂ ਅਤੇ ਸਾਧਨਾਂ ਰਾਹੀਂ ਚੋਣ ਜਿੱਤਣ ਨਾਲੋਂ ਹਾਰ ਜਾਣਾ ਬਿਹਤਰ ਹੈ।" ਪਰ ਉਨ੍ਹਾਂ ਦੀ ਭਲਾ ਕੌਣ ਸੁਣਦਾ ਸੀ। ਜਾਣਦਿਆਂ-ਬੁਝਦਿਆਂ, ਵਸੀਲਿਆਂ ਅਤੇ ਨੀਤੀਆਂ ਤੋਂ ਨਾ ਬਚਾ ਸਕੇ। ਇਹੀ ਪੰਡਤ ਨਹਿਰੂ ਬਾਅਦ ਵਿਚ ਹਿੰਦੂ ਕੋਡ ਬਿਲ ਤੇ ਬਜ਼ਿਦ ਹੋਏ। ਅੱਗੇ ਚਲ ਕੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਆਪਣੇ ਅੰਤਲੇ ਦਿਨਾਂ ਵਿਚ ਮੌਕਾਪ੍ਰਸਤੀ ਦੀ ਰਾਜਨੀਤੀ ਤੇ ਏਨੇ ਬਜ਼ਿਦ ਹੋ ਗਏ ਕਿ ਉਨ੍ਹਾਂ ਨੇ ਘੱਟ ਗਿਣਤੀਆਂ ਦੇ ਵੋਟ ਬੈਂਕ ਨੂੰ ਬਦਲਦੀਆਂ ਪ੍ਰਸਥਿਤੀਆਂ ਵਿਚ ਤੱਜ ਕੇ ਭਾਰਤੀ ਸਮਾਜ ਵਿਚ ਬਹੁਗਿਣਤੀ ਦਾ ਪੱਖ ਪੂਰਨਾ ਆਰੰਭ ਦਿਤਾ। ਨਤੀਜੇ ਵਜੋਂ ਪੰਜਾਬ, ਅਸਾਮ ਅਤੇ ਗੁਜਰਾਤ ਵਿਚ ਲਾਵਾ ਉਗਲਣਾ ਆਰੰਭ ਹੋ ਗਿਆ।

ਇਵੇਂ ਕਾਂਗਰਸ ਪਾਰਟੀ ਨੇ ਚੋਣ ਜਿੱਤਣ ਲਈ ਧੰਨ ਤਾਂ ਧੰਨ ਕੁਬੇਰਾਂ ਤੋਂ ਲੈਣ ਦੀ ਨੀਤੀ ਅਪਣਾਈ ਜਦ ਕਿ ਵੋਟਾਂ ਲੈਣ ਲਈ ਗਰੀਬਾਂ ਦਾ ਸਹਾਰਾ ਲਿਆ। ਪਰ ਤਾਕਤ ਵਿਚ ਆਉਣ ਉਪਰੰਤ ਗਰੀਬਾਂ ਦੀ ਸਾਰ ਬਹੁਤ ਘੱਟ ਲਈ ਜਦ ਕਿ ਅਮੀਰਾਂ ਦੀ ਪਿੱਠ ਡੱਟ ਕੇ ਪੂਰੀ। ਇਵੇਂ ਇਸ ਨੇ ਦੇਸ਼ ਵਿਚ ਆਰਥਿਕ ਨਾ-ਬਰਾਬਰੀ ਨੂੰ ਜਨਮ ਦਿੱਤਾ।

ਸਰਵੋਦੇ ਨੇਤਾ ਜੈ ਪ੍ਰਕਾਸ਼ ਨਰਾਇਣ ਦੇ ਯਤਨਾਂ ਨਾਲ ਜੋ ਜਨਤਾ ਪਾਰਟੀ ਕੇਂਦਰ ਵਿਚ ਹੋਂਦ ਵਿਚ ਆਈ ਤਾਂ ਮੁਰਾਰ ਜੀ ਡਿਸਾਈ ਨੇ ਗਾਂਧੀ ਜੀ ਦੀ ਸਮਾਧੀ 'ਤੇ ਲਈ ਸਹੁੰ ਨੂੰ ਆਪਣੀ ਮੌਕਾਪ੍ਰਸਤੀ ਦੀ ਰਾਜਨੀਤੀ ਦੇ ਹਿਤਾਂ ਨੂੰ ਪੂਰਨ ਲਈ ਛਿੱਕੇ ਤੇ ਟੰਗ ਕੇ ਆਪਣਾ ਪ੍ਰਧਾਨ ਮੰਤਰੀ ਪਦ ਕਾਇਮ ਰੱਖਣ ਲਈ ਹਰ ਤਰ੍ਹਾਂ ਦੇ ਹਰਬੇ ਵਰਤੇ। ਜਿਸ ਲੋਕ ਸ਼ਕਤੀ ਨਾਲ ਉਹ ਹੋਂਦ ਵਿਚ ਆਏ ਸਨ, ਉਸ ਨੂੰ ਸਾਮਰਾਜ ਪਾਸ ਗਿਰਵੀ ਰੱਖਣ ਦੀਆਂ ਘਿਨਾਉਣੀਆਂ ਚਾਲਾਂ ਤੋਂ ਜ਼ਰਾ ਵੀ ਗੁਰੇਜ਼ ਨਾ ਕੀਤਾ।

## ਸਮਝੌਤੇ ਦਾ ਰਾਹ

ਸ੍ਰੀ ਰਾਜੀਵ ਗਾਂਧੀ ਨੇ ਤਾਕਤ ਵਿਚ ਆਉਣ ਉਪਰੰਤ ਪੰਜਾਬ, ਆਸਾਮ, ਗੁਜਰਾਤ, ਨਾਗਾਲੈਂਡ ਅਤੇ ਵਿਸ਼ੇਸ਼ ਅਧਿਕਾਰਾਂ ਪ੍ਰਤੀ ਸੋਚ ਰੱਖਣ ਵਾਲੀਆਂ ਸ਼ਕਤੀਆਂ ਨਾਲ ਸਮਝੌਤੇ ਦਾ ਰਾਹ ਅਪਣਾਇਆ। ਇਸ ਰਵੱਈਏ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਪ੍ਰਤੀ ਕੋਈ ਪੁਖਤਾ ਤੇ ਅਸਰਦਾਰ ਪ੍ਰਭਾਵ ਨਾ ਪਾਇਆ ਸਗੋਂ "ਧੌਂਸ ਦੀ ਸ਼ਕਤੀ" ਅੱਗੇ ਗੋਡੇ ਟੇਕਣ ਵਾਲਾ ਨਤੀਜਾ ਦਿੱਤਾ। ਪੰਜਾਬ ਸਮਝੌਤੇ ਪ੍ਰਤੀ ਇਸੇ ਪਾਰਟੀ ਦੇ ਸਾਰਥਕ ਰਵੱਈਏ ਦਾ ਪਰਦਾ ਉਦੋਂ ਫਾਸ਼ ਹੁੰਦਾ ਹੈ ਜਦੋਂ ਮੁੱਖ ਮੰਤਰੀ ਹਰਿਆਣਾ ਅਤੇ ਉਨ੍ਹਾਂ ਦੇ ਸਾਥੀ ਮੰਤਰੀ ਹਾਈ ਕਮਾਂਡ ਦੇ ਫੈਸਲਿਆਂ ਨੂੰ ਚੁਣੌਤੀਆਂ ਦਿੰਦੇ ਨਜ਼ਰ ਆਉਂਦੇ ਹਨ। ਅਜਿਹਾ ਭਾਸਦਾ ਹੈ ਕਿ ਇਹ ਪਾਰਟੀ ਆਪਣੇ ਮੌਕਾਪ੍ਰਸਤ ਅਤੇ ਖੇਤਰੀ ਹਿਤਾਂ ਲਈ ਦੇਸ਼ ਦੀ ਏਕਤਾ ਦੇ ਸਿਧਾਂਤਾਂ ਨੂੰ ਦਾਅ 'ਤੇ ਲਾਉਣ ਤੋਂ ਭੋਰੀ ਨਹੀਂ ਪੈਂਦੀ। ਸ਼ਾਹਬਾਨੋ ਕੇਸ ਅਧੀਨ ਇਸ ਨੇ ਕੁਝ ਮੁੱਲਾਂ ਦੀ ਧੌਂਸ ਥਲੇ ਆ ਕੇ ਅਤੇ ਅਵਸਰਵਾਦੀ ਨੀਤੀ ਤਾਹਿਤ ਪਾਰਲੀਮੈਂਟ ਵਿਚ ਮੁਸਲਿਮ ਵੂਮੈਨ ਬਿਲ ਪ੍ਰਤੀ ਜੋ ਵਤੀਰਾ ਅਪਣਾਇਆ ਇਹ ਦੇਸ਼ ਅੰਦਰ ਫਿਰਕਾਪ੍ਰਸਤੀ ਨੂੰ ਤੂਲ ਦੇਣਾ ਅਤੇ ਹਰ ਵਰਗ ਦੀਆਂ ਔਰਤਾਂ ਦੀ ਬਰਾਬਰੀ ਤੇ ਕਾਨੂੰਨ ਨੂੰ ਭਾਰੀ ਚੁਣੌਤੀ ਹੈ।

## ਮੌਕਾਪ੍ਰਸਤੀ

ਲੋਕ ਦਲ ਦੇ ਨੇਤਾ ਸ੍ਰੀ ਚਰਨ ਸਿੰਘ ਕਾਂਗਰਸ ਸਦਕਾ ਹੀ ਖੇਤਰੀ ਨੇਤਾ ਦੇ ਤੌਰ 'ਤੇ ਉਭਰੇ। ਆਪਣੀ ਸੌੜੀ ਸੋਚ ਅਤੇ ਮੌਕਾਪ੍ਰਸਤੀ ਕਾਰਨ ਜਨਤਾ ਪਾਰਟੀ ਨੂੰ ਲੈ ਕੇ ਡੁੱਬੇ। ਪੰਜਾਬ ਸਮਝੌਤੇ ਪ੍ਰਤੀ ਇਸ ਪਾਰਟੀ ਦਾ ਕੇਂਦਰ ਵਿਚ ਹੋਰ ਅਤੇ ਰਾਜ ਵਿਚ ਹੋਰ ਵਤੀਰਾ ਹੈ। ਇਹੀ ਹਾਲ ਭਾਰਤੀ ਜਨਤਾ ਪਾਰਟੀ ਦਾ ਹੈ। ਥੋੜ੍ਹੇ ਦਿਨ ਪਹਿਲਾਂ ਇਸ ਦੇ ਉਘੇ ਨੇਤਾ ਨੇ ਰਾਸ਼ਟਰੀ ਏਕਤਾ ਅਤੇ ਅਖੰਡਤਾ ਪ੍ਰਤੀ ਗਠੱਤ ਕਮੇਟੀ ਵਿਚ ਪੰਜਾਬ ਸਮਝੌਤੇ ਦੇ ਅਮਲ ਨੂੰ ਜ਼ਰੂਰੀ ਅਤੇ ਦੇਸ਼ ਦੇ ਹਿਤ ਵਿਚ ਕਿਹਾ ਜਦਕਿ ਹਰਿਆਣਾ ਵਿਚ ਇਸ ਦੀ ਰਾਜ ਸ਼ਾਖ ਇਸ ਸਮਝੌਤੇ ਨੂੰ ਦਫਨ ਕਰਨ ਲਈ ਹਰ ਵਸੀਲਾ ਅਤੇ ਢੰਗ ਵਰਤ ਰਹੀ ਹੈ।

ਜੰਮੂ-ਕਸ਼ਮੀਰ ਵਿਚ ਡਾਕਟਰ ਫਾਰੂਕ ਅਬਦੁੱਲਾ ਅਤੇ ਉਨ੍ਹਾਂ ਦੇ ਪਿਤਾ ਮਰਹੂਮ ਸ਼ੇਖ ਅਬਦੁੱਲਾ ਦੇ ਬਦਲਦੇ ਸਟੈਂਡਾਂ ਅਧੀਨ ਉਨ੍ਹਾਂ ਦਾ ਟਕਰਾਅ ਕੇਂਦਰ ਸਰਕਾਰ ਨਾਲ ਚਲਦਾ ਹੀ ਆਇਆ। ਫਾਰੂਕ, ਰਾਜੀਵ ਅਤੇ ਇੰਦਰਾ ਗਾਂਧੀ ਦੇ ਬਹੁਤ ਨੇੜੇ ਸਨ ਪਰ ਕਦੇ ਇਹ ਵੀ ਸ਼ੋਸ਼ਾ ਸੁਣਨ ਵਿਚ ਆਇਆ ਸੀ ਕਿ ਉਨ੍ਹਾਂ ਨੂੰ ਕੇਂਦਰ ਸਰਕਾਰ ਵਿਚ ਲਿਆ ਜਾ ਰਿਹਾ ਹੈ। ਮੁੱਖ ਮੰਤਰੀ ਬਣਨ ਉਪਰੰਤ ਉਨ੍ਹਾਂ ਨੇ ਵਿਰੋਧੀ ਧਿਰ ਨਾਲ ਮਿਲ ਕੇ ਕਾਂਗਰਸ ਦੇ ਬਦਲ ਦੀ ਨੀਤੀ ਅਪਣਾਈ। ਸੰਤ ਭਿੰਡਰਾਂਵਾਲੇ ਅਤੇ ਜਮਾਤੇ ਇਸਲਾਮੀ ਨਾਲ ਨਾਤਾ ਜੋੜਿਆ। ਕੇਂਦਰ ਦੇ ਵਿਰੋਧੀ ਵਤੀਰੇ ਤੋਂ ਆਤਰ ਹੋ ਕੇ ਵੱਖਵਾਦੀ ਅਤੇ ਹੋਰ ਸ਼ਕਤੀਆਂ, ਨਾਲ ਨਾਤਾ ਜੋੜਨ ਤੱਕ ਗੱਲ ਪੁੱਜੀ। ਅਠਾਰਾਂ ਮਹੀਨੇ ਸਤੱਹ ਤੋਂ ਵੱਖ ਰਹਿਣ 'ਤੇ ਅੱਜ ਫਿਰ ਕੇਂਦਰ ਸਰਕਾਰ ਪ੍ਰਤੀ ਰਵੱਈਆ ਬਦਲ ਰਹੇ ਹਨ। ਇਨ੍ਹਾਂ ਨੇਤਾਵਾਂ ਨੇ ਜੰਮ-ਕਸ਼ਮੀਰ ਨੂੰ ਦੇਸ਼ ਦੀ ਮੁੱਖ ਧਾਰਾ ਨਾਲ ਜੋੜਨ ਲਈ ਧਾਰਾ 370 ਨੂੰ ਖਤਮ ਕਰਨ ਦਾ ਕਦੇ ਨਾਅਰਾ ਨਹੀਂ ਲਾਇਆ। ਇੰਜ ਹੀ ਹੋਰ ਖੇਤਰੀ ਪਾਰਟੀਆਂ ਅਤੇ ਨੇਤਾਵਾਂ ਦੀ ਨੀਤੀ ਸਾਡੇ ਸਨਮੁੱਖ ਹੈ। ਤਾਮਿਲਨਾਡੂ ਵਿਚ ਲੋਕਾਂ ਦੇ ਹਿਤ ਅੱਜ ਦੇਸ਼ ਦੀਆਂ ਅੰਦਰੂਨੀ ਸਮੱਸਿਆਵਾਂ ਨਾਲੋਂ ਲੰਕਾਂ ਦੇ ਤਾਮਲਾਂ ਨਾਲ ਜੁੜੇ ਹੋਏਗ . ਹਨ। ਆਂਧਰਾ ਵਿਚ ਤੇਲਗੂ ਦੇਸ਼ਮ ਲੋਕ ਵਿਰੋਧੀ ਤੇ ਖਾਸ ਕਰ ਗਰੀਬ ਵਿਰੋਧੀ ਸੌੜੇ ਹਿਤਾਂ ਲਈ ਪਰਚਮ ਬੁਲੰਦ ਕਰ ਰਿਹਾ ਹੈ। ਜਾਤ-ਪਾਤ ਨੂੰ ਹਵਾ ਦਿਤੀ ਜਾ ਰਹੀ ਹੈ। ਪੰਜਾਬ ਵਿਚ ਅਕਾਲੀ ਦਲ ਆਪਣੀ ਅੰਦਰੂਨੀ ਫੁੱਟ, ਭਾਸ਼ਾਈ, ਸਰਹੱਦੀ ਤੇ ਪਾਣੀਆਂ ਦੇ ਮਸਲਿਆਂ ਵਿਚ ਘਿਰਿਆ ਹੋਇਆ ਹੈ। ਪੰਜਾਬ ਅੱਜ ਫਿਰਕੂ ਭਾਵਨਾਵਾਂ ਨਾਲ ਹਾਲੋ-ਬੇਹਾਲ ਹੋਇਆ ਪਿਆ ਹੈ। ਉਤਰ-ਪੂਰਬੀ ਰਾਜਾਂ ਵਿਚ ਵੱਖਵਾਦੀ ਰੁਝਾਨ ਜਿਵੇਂ ਦਾ ਤਿਵੇਂ ਹੈ। ਰਾਖਵੇਂਕਰਣ ਦੀ ਸਮੱਸਿਆ ਕਦੇ ਵੀ ਪਣਪ ਸਕਦੀ ਹੈ।

ਦੇਸ਼ ਦੀ ਏਕਤਾ ਅਤੇ ਅਖੰਡਤਾ ਪ੍ਰਤੀ ਭਾਰਤੀ ਕਮਿਊਨਿਸਟ ਪਾਰਟੀ ਦੀ ਵਤੀਰਾ ਸਭ ਧਿਰਾਂ ਨਾਲੋਂ ਸਪੱਸ਼ਟ ਅਤੇ ਸਾਰਥਿਕ ਰਿਹਾ ਹੈ। ਲੇਕਿਨ ਆਪਸੀ ਫੁੱਟ ਦਾ ਸ਼ਿਕਾਰ ਹੋ ਕੇ, ਅੰਤਰ-ਰਾਸ਼ਟਰ ਕਮਿਊਨਿਸਟ ਲਹਿਰ ਵਿਚ ਵੱਖ ਵੱਖ ਦੇਸ਼ਾਂ ਪ੍ਰਤੀ ਵਫਾਦਾਰੀ ਸਦਕਾ ਅਤੇ ਭਾਰਤੀ ਲੋਕਤੰਤਰੀ ਕਦਰਾਂ-ਕੀਮਤਾਂ(ਭਾਵੇਂ ਮਾੜੀਆਂ ਹਨ) ਵਿਚ ਰਲ-ਗੱਡ ਹੋਣ ਕਰਕੇ ਇਹ ਦੇਸ਼ ਦੇ ਲੋਕਾਂ ਦਾ ਵਿਸ਼ਵਾਸ਼ ਪ੍ਰਾਪਤ ਕਰਨ ਤੋਂ ਅਸਮਰਥ ਰਹੀ ਹੈ।

## ਯਤਨਸ਼ੀਲ

ਭਾਰਤ ਦੇ ਰਾਜਨੀਤੀਵਾਨ ਭਾਵੇਂ ਕਿਸੇ ਪਾਰਟੀ ਨਾਲ ਸਬੰਧਤ ਹਨ, ਸੈਕੂਲਰ ਸੋਚ ਅਪਣਾਉਂਦੇ ਅਤੇ ਪ੍ਰਚਾਰਦੇ ਹਨ ਤਾਂ ਆਪਣੇ ਸੁਆਰਥ ਲਈ ਭਾਵ ਵੋਟਾਂ ਪ੍ਰਾਪਤ ਕਰਨ ਲਈ ਅਤੇ ਗੱਦੀ ਪ੍ਰਾਪਤ ਕਰਨ ਲਈ। ਇਹੋ ਲੋਕ ਆਪਣਾ ਮਖੌਟਾ ਬਦਲ ਕੇ ਫਿਰਕਾਪ੍ਰਸਤ ਸੋਚ ਅਪਣਾਉਂਦੇ ਹਨ ਅਤੇ ਪ੍ਰਚਾਰਦੇ ਹਨ ਤਾਂ ਵੋਟਾਂ ਅਤੇ ਗੱਦੀ ਖਾਤਰ। ਇਨ੍ਹਾਂ ਦੇ ਹਿਰਦੇ ਅੰਦਰ ਲੋਕਤੰਤਰੀ ਕਦਰਾਂ ਕੀਮਤਾਂ ਦੀ, ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਅਤੇ ਦੇਸ਼ ਦੇ ਕਾਨੂੰਨ ਦੀ ਜ਼ਰਾ ਜਿੰਨੀ ਕਦਰ ਨਹੀਂ ਹੈ। ਇਨ੍ਹਾਂ ਦੀਆਂ ਸੁਆਰਥੀ ਨੀਤੀਆਂ ਸਦਕਾ ਅੱਜ ਦੇਸ਼ ਖੇਤਰੀ ਪਾਰਟੀਆਂ ਦੀ ਸ਼ਕਤੀ ਦਾ ਸ਼ਿਕਾਰ ਹੋ ਰਿਹਾ ਹੈ। ਥਾਂ-ਥਾਂ ਵੱਖਵਾਦੀ, ਫਿਰਕਾਪ੍ਰਸਤੀ, ਉਗਰਵਾਦ ਅਤੇ ਅਨੁਸਾਸ਼ਨਹੀਨਤਾ ਦੀ ਸੋਚ ਦਾ ਸ਼ਿਕਾਰ ਹੋ ਰਿਹਾ ਹੈ। ਇਹ ਰੁਝਾਨ ਸਾਮਰਾਜ ਸ਼ਕਤੀ ਦੇ ਪੱਖ ਵਿਚ ਹਨ ਜਦਕਿ ਉਸਾਰੀ ਅਤੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਸਵੈ-ਮਾਣ ਵਿਰੋਧੀ ਹਨ।

ਸਪਸ਼ਟ ਹੈ ਕਿ ਮੁੱਲ ਰੂਪ ਵਿਚ ਸਾਡੀ ਰਾਜਨੀਤੀ ਹੀ ਦੋ-ਮੂੰਹੀਂ ਹੈ। ਆਸ ਕੀਤੀ ਜਾਣੀ ਚਾਹੀਦੀ ਹੈ ਕਿ ਦੇਸ਼ ਦੇ ਧਰਮ ਨਿਰਪੱਖ, ਦੇਸ਼ ਭਗਤ, ਨਿਰਸੁਆਰਥ ਅਤੇ ਮਨੁੱਖੀ ਏਕਤਾ ਵਿਚ ਵਿਸ਼ਵਾਸ਼ ਰੱਖਣ ਵਾਲੇ ਲੋਕ ਇਸ ਦੋ-ਮੂੰਹੀਂ ਰਾਜਨੀਤੀ ਅੱਗੇ ਡਟ ਕੇ ਭਾਰਤ ਨੂੰ ਮੌਕਾਪ੍ਰਸਤੀ ਦੀ ਰਾਜਨੀਤੀ ਤੋਂ ਨਿਜਾਤ ਦੁਆਉਣ ਲਈ ਯਤਨਸ਼ੀਲ ਹੋਣਗੇ।

# ਮੁਹੱਬਤਨਾਮਾ

ਪਿਆਰੇ ਸੰਪਾਦਕ ਜੀ,

ਪਿਛਲੇ ਕੁਝ ਹਫਤਿਆਂ ਤੋਂ 'ਕੈਨੇਡਾ ਦਰਪਣ' ਲਗਾਤਾਰ ਪੜ੍ਹਨ ਦਾ ਮੌਕਾ ਮਿਲਿਆ ਤੇ ਇਹ ਜਾਣਕੇ ਬੜੀ ਖੁਸ਼ੀ ਹੋਈ ਹੈ ਕਿ ਤੁਸੀਂ ਬਦੇਸ਼ਾਂ ਵਿਚ ਰਹਿੰਦਿਆਂ ਭਾਰਤ ਦੇਸ ਦੀ ਏਕਤਾ ਅਖੰਡਤਾ ਤੇ ਧਰਮ ਨਿਰਪੇਖ ਲਈ ਨਿਗਰ ਪਹੁੰਚ ਅਪਨਾਕੇ ਇਕ ਜ਼ੁੰਮੇਵਾਰ ਪਤਰਕਾਰ ਹੋਣ ਦਾ ਸਬੂਤ ਹੀ ਨਹੀਂ ਦੇਂਦੇ ਰਹੇ, ਸਗੋਂ ਕੈਨੇਡਾ ਵਿਚ ਵੱਖਵਾਦੀ ਤੇ ਦਹਿਸ਼ਤਪਸੰਦ ਸ਼ਕਤੀਆਂ ਜੋ ਕਿ ਭਾਰਤੀ ਕਾਮਿਆਂ ਤੇ ਚਿੱਟੇ ਕਾਮਿਆਂ ਦੇ ਆਪਸੀ ਨਸਲੀ ਸਬੰਧਾਂ ਲਈ, ਭਾਰਤੀ ਲੋਕਾਂ ਦੀ ਏਕਤਾ ਲਈ ਖਤਰਾ ਪੈਦਾ ਕਰ ਰਹੀਆਂ ਹਨ ਉਨ੍ਹਾਂ ਵਿਰੁੱਧ ਬਹਾਦਰੀ ਤੇ ਦਰਿੜਤਾ ਨਾਲ ਘੋਲ ਕਰ ਰਹੇ ਹੋ। ਇਸ ਨਿਗਰ ਪਹੁੰਚ ਲਈ ਤੁਸੀਂ ਵਧਾਈ ਦੇ ਪਾਤਰ ਹੋ।

ਅਸੀਂ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ, ਲੋਕ ਕਲਾ ਕੇਂਦਰ, ਪੰਜਾਬੀ ਲੇਖਕ ਮੰਚ, ਵੈਨਕੂਵਰ ਸੱਥ ਤੇ ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟਰੱਸਟ ਦੇ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਸਾਨੂੰ ਪਿਆਰ, ਸਤਿਕਾਰ ਤੇ ਮਾਣ ਦੇਂਦਿਆਂ ਹੋਇਆਂ ਵੀ ਸਾਹਿਤਕ ਤੇ ਰਾਜਨੀਤਕ ਵਿਚਾਰ ਵਟਾਂਦਰਾ ਕਰਨ ਦਾ ਮੌਕਾ ਦਿੱਤਾ। ਅਸੀਂ ਉਨ੍ਹਾਂ ਸਭ ਸਾਥੀਆਂ ਦੇ ਵੀ ਬਹੁਤ ਹੀ ਧੰਨਵਾਦੀ ਹਾਂ ਜਿਨ੍ਹਾਂ ਸਾਨੂੰ ਕਮਿਊਨਿਸਟ ਪਾਰਟੀ ਆਫ ਕੈਨੇਡਾ ਦੀ ਸੂਬਾਈ ਕਾਨਫਰੰਸ, ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਵਲੋਂ ਬੇਰੁਜ਼ਗਾਰੀ ਭੱਤਾ ਵਿਰੁੱਧ ਮੁਜ਼ਾਹਰੇ ਤੇ ਅਮਨ ਮਾਰਚ ਵਿਚ ਸ਼ਾਮਲ ਹੋਣ ਦਾ ਅਵਸਰ ਪ੍ਰਦਾਨ ਕੀਤਾ।

ਅੰਤ ਵਿਚ ਅਸੀਂ 'ਕੈਨੇਡਾ ਦਰਪਣ' ਦੇ ਉਚੇਚੇ ਤੌਰ ਤੇ ਧੰਨਵਾਦੀ ਹਾਂ ਜਿਨ੍ਹਾਂ ਸਾਡੀਆਂ ਲਿਖਤਾਂ ਨੂੰ ਪਾਠਕਾਂ ਤਕ ਪੁਜਾਉਣ ਦਾ ਉਪਰਾਲਾ ਕੀਤਾ ਤੇ ਸਨਮਾਨ ਸਮਾਰੋਹ ਦਾ ਪ੍ਰਬੰਧ ਕੀਤਾ।

ਤੁਹਾਡੇ ਸ਼ੁਭਚਿੰਤਕ
ਹਰਕੇਵਲ ਸਿੰਘ ਕੇਵਲ
ਅਵਤਾਰ ਸਾਦਿਕ
(ਨੈਸ਼ਨਲ ਜਨਰਲ ਸਕੱਤਰ ਭਾਰਤੀ ਮਜ਼ਦੂਰ ਸਭਾ ਗ੍ਰੇਟ ਬ੍ਰਿਟਨ)

ਔਲੀਵਰ ਵਿਚ ਨਵਾਂ ਫਰੂਟ ਸਟੈਂਡ
ਪਨੋਰਮਾ ਆਰਚਰਡ
ਜਿਥੋਂ ਤੁਹਾਨੂੰ ਹਰ ਕਿਸਮ ਦੀਆਂ ਸਬਜ਼ੀਆਂ ਤੇ ਫਲ ਮਿਲ ਸਕਦੇ ਹਨ
ਹਿੰਦੁਸਤਾਨੀ ਗਰੌਸਰੀ ਵੀ ਮਿਲ ਸਕਦੀ ਹੈ — ਆਟਾ, ਖੰਡ, ਚਾਹ ਤੇ ਦਾਲਾਂ, — ਸਸਤੇ ਭਾਅ ਉਤੇ ਖਰੀਦੋ
Panaroma Orchard
Fruit Stand
Vegetables, Fruit — Apples (Golden and Red), Mangoes, Oranges etc.
Panaroma Orchards
RR2, 97 HWY.
OLIVER, B.C.
PH. 498-3132

FLEXIBLE PREMIUM LIFE INSURANCE TAILOR-MADE
To your needs which you can afford.
TOGETHER WE ARE STRONGER
NORTH AMERICAN LIFE
ਆਪਣੀਆਂ ਇਨਸ਼ੋਰੈਂਸ ਲੋੜਾਂ ਲਈ ਕਨਟੈਕਟ ਕਰੋ:
ਰਾਜ ਸਿੰਘ ਮਾਨ
• ਲਾਈਫ ਇਨਸ਼ੋਰੈਂਸ • ਗਰੁਪ ਇਨਸ਼ੋਰੈਂਸ
• ਮਾਰਗੇਜ ਇਨਸ਼ੋਰੈਂਸ • ਬੱਚਿਆਂ ਦੀ ਪੜ੍ਹਾਈ ਦੀ ਇਨਸ਼ੋਰੈਂਸ
1507 - 330 Portage Avenue
Winnipeg, Manitoba R3C 0C4
Bus. 943-1526
INSURANCE FOR
• Personal
• Children
• Mortgage
• RRSP
• Group Insuranc & Annuities
ਤੁਹਾਨੂੰ ਚਾਰ ਸਾਲ ਤੋਂ ਵੱਧ ਪੈਸੇ ਦੇਣ ਦੀ ਲੋੜ ਨਹੀਂ
NORTH AMERICAN LIFE ASSURANCE CO.

Raj Singh Mann

# ਬੀ. ਸੀ. ਆਫਰ ਦੀ ਪਬਲਿਕ ਮੀਟਿੰਗ




ਜਾਪਾਨੀ-ਕੈਨੇਡੀਅਨ ਪ੍ਰਤੀਨਿਧ ਰਾਅਏ ਮਿਕੀ ਤਕਰੀਰ ਕਰਦੇ ਹੋਏ

ਪੰਜਾਬੀ ਤਰਜਮਾ ਸੁਖਵੰਤ ਹੁੰਦਲ ਨੇ ਕੀਤਾ

ਪਹਿਲੀ ਜੂਨ, ਦਿਨ ਐਤਵਾਰ ਨੂੰ ਕਾਰਪੈਂਟਰ ਹਾਲ, ਨਿਊਵੈਸਟਮਿਨਸਟਰ ਵਿਖੇ ਬੀ. ਸੀ. ਸੰਘਰਸ਼ ਸੰਮਤੀ ਵਲੋਂ ਪਬਲਿਕ ਮੀਟਿੰਗ ਹੋਈ। ਇਸ ਮੀਟਿੰਗ ਦਾ ਮੂਲ ਸਮਾਜਕ ਢਾਂਚਿਆਂ ਵਿਚ ਨਸਲਵਾਦ ਦੇ ਪਰਭਾਵ ਤੇ ਇਸਦਾ ਵਿਅਕਤੀਆਂ ਤੇ ਰੰਗਦਾਰ ਲੋਕਾਂ ਤੇ ਮਾਰੂ ਅਸਰ ਦੇ ਪਾਜ ਨੂੰ ਉਘਾੜਨਾ ਸੀ। ਵਖੋ ਵੱਖਰੀਆਂ ਐਥਨਿਕ ਲੀਡਰਾਂ ਨੂੰ ਬੁਲਾ ਕੇ ਉਨ੍ਹਾਂ ਦੀਆਂ ਕਮਿਊਨਿਟੀਆਂ ਵਾਰੇ ਬੀ. ਸੀ. ਸੰਘਰਸ਼ ਸੰਮਤੀ ਦੇ ਮੈਂਬਰਾਂ ਨੂੰ ਜਾਣਕਾਰੀ ਦੇਣੀ ਤੇ ਜੋ ਇਨਸਿਟੀਚਿਊਸ਼ਨਲ ਨਸਲਵਾਦ ਨੇ ਇਨ੍ਹਾਂ ਕਮਿਊਨਿਟੀਆਂ ਨੂੰ ਨੁਕਸਾਨ ਪਹੁੰਚਾਇਆ ਤੇ ਸੱਟਾਂ ਮਾਰੀਆਂ ਹਨ, ਉਨ੍ਹਾਂ ਬਾਰੇ ਸਾਂਝ ਪਾਉਣੀ ਤੇ ਜਾਣਕਾਰੀ ਦੇਣ ਦਾ ਮਕਸਦ ਸੀ।

ਚਰਨਪਾਲ ਗਿੱਲ, ਬੀ. ਸੀ. ਆਫਰ ਦੇ ਪਰਧਾਨ ਨੇ ਕਿਹਾ ਕਿ ਜਿਨਾ ਚਿਰ ਅਸੀਂ ਇਕ ਦੂਜੇ ਨਾਲ ਦੁਖ ਸੁਖ ਸਾਂਝਾ ਨਹੀਂ ਕਰਦੇ ਤੇ ਇੱਕ ਦੂਜੇ ਨੂੰ ਹਮਦਰਦੀ ਨਹੀਂ ਪਰਗਟਾਉਂਦੇ ਓਨਾ ਚਿਰ ਸਾਡੀ ਸਾਂਝ ਨਹੀਂ ਵਧੇਗੀ। ਤੇ ਜਦ ਕੱਲ ਨੂੰ ਸਾਡੀ ਕਮਿਊਨਿਟੀ ਤੇ ਕਸ਼ਟ ਪਿਆ ਤਾਂ ਸਾਡੀ ਕਿਸੇ ਨੇ ਸਾਰ ਨਹੀਂ ਪੁੱਛਣੀ। ਜੇ ਅਸੀਂ ਨਸਲਵਾਦ ਦੇ ਇਤਿਹਾਸ ਦੀ ਵਿਆਖਿਆ ਕਰੀਏ ਤਾਂ ਉਸ ਤੋਂ ਸਾਫ ਪਰਤੱਖ ਹੁੰਦਾ ਹੈ ਕਿ ਇਸ ਫਿਲਾਸਫੀ ਤਹਿਤ ਹੁਕਮਰਾਨਾਂ ਨੇ ਲੋਕਾਂ ਨੂੰ ਪਾੜ ਕੇ ਉਨ੍ਹਾਂ ਤੇ ਰਾਜ ਕਰਨਾ, ਗੁਲਾਮ ਬਣਾਕੇ ਰਖਣਾ, ਲੁੱਟ ਖਸੁੱਟ ਕਰਨੀ, ਆਪਦੀ ਗੱਦੀ ਤੇ ਪੁਜ਼ੀਸ਼ਨ ਕਾਇਮ ਰੱਖਣੀ ਇਤਿਆਦਿ ਨਿਸ਼ਾਨੇ ਹੁੰਦੇ ਹਨ। ਹਰ ਕਮਿਊਨਿਟੀ ਦਾ ਇਤਿਹਾਸ ਵੱਖੋ ਵੱਖਰਾ ਹੈ ਤੇ ਉਨ੍ਹਾਂ ਤੇ ਅਸਰ ਭੀ ਵੱਖਰਾ ਹੀ ਹੋਇਆ ਹੈ। ਇਸ ਦੀ ਬੁਨਿਆਦ ਇਕੋ ਹੈ। ਜੇ ਅਸੀਂ ਸਾਰੇ ਇਕੱਠੇ ਹੋ ਕੇ ਹੰਭਲਾ ਮਾਰੀਏ ਤਾਂ ਹੀ ਇਸਦੀਆਂ ਜੜ੍ਹਾਂ ਪੁੱਟੀਆਂ ਜਾ ਸਕਦੀਆਂ ਹਨ। ਸਾਡੇ ਇੱਕਲਿਆਂ ਵਿਚ ਏਨੀ ਤਾਕਤ ਨਹੀਂ ਕਿ ਅਸੀਂ ਨਸਲਵਾਦੀਆਂ ਨੂੰ ਢਾਹ ਸਕੀਏ। ਸਾਡੇ ਇਕੱਠ ਨਾਲ ਇਹ ਸਮਾਜਕ ਢਾਂਚੇ, ਹਕੂਮਤਾਂ ਤੇ ਨਸਲਵਾਦੀ ਖਬਰਦਾਰ ਹੋ ਜਾਣਗੇ।

ਜਾਪਾਨੀ - ਕੈਨੇਡੀਅਨ ਦੇ ਪਰਤੀਨਿਧ, ਰਾਅਏ ਮਿਕੀ, ਨੇ ਸੰਗਤਿਆਂ ਨੂੰ ਦੱਸਿਆ ਕਿ ਉਨ੍ਹਾਂ ਪੁਰਾਣੇ ਡਾਕੂਮੈਂਟਾਂ ਨੂੰ ਪੜ੍ਹ ਕੇ ਤੇ ਖੋਜ ਕਰਕੇ ਪਤਾ ਲਾਇਆ ਹੈ ਕਿ ਦੂਜੇ ਜੰਗ ਸਮੇਂ ਜਾਪਾਨੀਆਂ ਦੇ ਘਰ ਛੀਨਣੇ, ਉਨ੍ਹਾਂ ਨੂੰ ਘਰੋਂ ਬੇਘਰ ਕਰਨਾ, ਤੇ ਕੈਂਪਾਂ ਵਿਚ ਕੈਦ ਕਰਨਾ ਇਕ ਸਿਆਸੀ ਚਾਲ ਸੀ। ਇਹ ਸਿਆਸਤਦਾਨਾਂ ਨੇ ਕਿਹਾ ਕਿ ਜਪਾਨੀਆਂ ਤੋਂ ਕੈਨੇਡਾ ਦੀ ਰੱਖਿਆ ਵਾਰੇ ਖਤਰਾ ਹੈ ਕਿਉਂਕਿ ਕੈਨੇਡਾ ਦੀ ਜਪਾਨ ਨਾਲ ਲੜਾਈ ਚਲ ਰਹੀ ਹੈ ਤੇ ਹੋ ਸਕਦਾ ਹੈ ਇਹ ਜਾਪਾਨੀ ਖੁਫੀਆ ਦਾ ਕੰਮ ਕਰਨ ਤੇ ਕੈਨੇਡਾ ਦਾ ਭੇਦ ਜਾਪਾਨੀਆਂ ਨੂੰ ਦੇ ਦੇਣ। ਇਸ ਕਰਕੇ ਇਨ੍ਹਾਂ ਦੀ ਆਜ਼ਾਦੀ ਛੀਨ ਲਈ ਜਾਵੇ ਤੇ ਇਨ੍ਹਾਂ ਨੂੰ ਜੇਲ੍ਹਾਂ ਵਿਚ ਡੱਕਿਆ ਜਾਵੇ। ਖੋਜ ਤੋਂ ਪਤਾ ਲੱਗਿਆ ਕਿ ਮਿਲਟਰੀ ਵਾਲਿਆਂ ਨੇ ਇਹ ਕਿਹਾ ਸੀ ਕਿ ਉਨ੍ਹਾਂ ਨੂੰ ਕੈਨੇਡੀਅਨ-ਜਾਪਾਨੀਆਂ ਤੋਂ ਕੋਈ ਖਤਰਾ ਨਹੀਂ ਪਰ ਫਿਰ ਭੀ ਮੌਕਾ ਪ੍ਰਸਤ ਸਿਆਸਤਦਾਨਾਂ ਨੇ ਸਾਰੇ ਜਪਾਨੀਆਂ ਨੂੰ ਭੇਡਾਂ ਵਾਂਗ ਇਕੱਠਾ ਕਰਕੇ ਵੈਨਕੂਵਰ ਤੋਂ ਤਿੰਨ ਸੌ ਮੀਲ ਬੀ. ਸੀ. ਦੇ ਅੰਦਰੂਨੀ ਇਲਾਕੇ ਵਿਚ ਕੈਂਪਾਂ ਵਿਚ ਡੱਕ ਦਿਤਾ।

ਜਦੋਂ ਦੂਜੀ ਦੁਨੀਆਂ ਦੀ ਜੰਗ ਖਤਮ ਹੋਈ ਤਾਂ ਇਨ੍ਹਾਂ ਦੇ ਘਰ ਤੇ ਪਰਾਪਰਟੀਆਂ ਵਾਪਸ ਨਹੀਂ ਦਿੱਤੀਆਂ। ਜਾਪਾਨੀਆਂ ਦੀ ਸਾਰੀ ਕਮਿਊਨਿਟੀ ਕੈਨੇਡਾ ਵਿਚ ਖਿਡ ਪੁੰਡ ਗਈ। ਇਸ ਕਮਿਊਨਿਟੀ ਨੂੰ ਇਕੱਠੇ ਕਰਨ ਵਿਚ ਚਾਲੀ ਸਾਲ ਲੱਗੇ ਹਨ। ਹੁਣ ਕੈਨੇਡੀਅਨ ਜਾਪਾਨੀਆਂ ਆਪਦੇ ਖੋਹੇ ਹੱਕ ਮੰਗਣ ਦਾ ਸੰਗਠਨ ਕੀਤਾ। ਰਾਅਏ ਮਿਗੀ ਨੇ ਦੱਸਿਆ ਕਿ ਉਨ੍ਹਾਂ ਨੂੰ ਇਹ ਸਮਝ ਨਹੀਂ ਪਈ ਕਿ ਇਕ ਪਾਸੇ ਤਾਂ ਕਈ ਜਪਾਨੀ ਨੈਸ਼ਨਲ ਫੌਜ ਵਿਚ ਲੜ ਰਹੇ ਸਨ ਤੇ ਕੈਨੇਡਾ ਦੀ ਇੰਟੈਲੀਜੈਂਸ ਯੂਨਿਟ ਵਿਚ ਭੀ ਕੰਮ ਕਰਦੇ ਸਨ ਤੇ ਦੂਸਰੇ ਪਾਸੇ ਸਿਵਲੀਅਨ ਲੋਕਾਂ ਨੂੰ ਭੇਡਾਂ ਵਾਂਗ ਇਕੱਠੇ ਕਰਕੇ ਉਤਰੀ ਬੀ. ਸੀ. ਵਿਚ ਕੈਂਪਾਂ ਵਿਚ ਡੱਕ ਦਿਤਾ। ਇਹ ਕੈਂਪ ਰਫੂਜੀ ਕੈਂਪਾਂ ਨਾਲੋਂ ਭੀ ਭੈੜੇ ਸਨ। ਇਨ੍ਹਾਂ ਵਿਚ ਬਹੁਤ ਸਾਰੇ ਜਪਾਨੀ ਕੈਨੇਡਾ ਦੇ ਜਮਪਲ ਸਨ। ਪਰਾਈਸ ਵਾਟਰਹਾਊਸ ਦੀ ਫਰਮ ਨੇ ਸਟੱਡੀ ਵਿਚ ਇਹ ਸਿੱਟਾ ਕੱਢਿਆ ਕਿ ਜਪਾਨੀਆਂ ਦੀਆਂ ਬਿਜ਼ਨਿਸਾਂ, ਘਰ ਅਤੇ ਫਾਰਮ ਜੋ ਸਰਕਾਰ ਨੇ ਖੋਹੇ ਸਨ ਉਨ੍ਹਾਂ ਦੀ ਕੀਮਤ 443 ਕਰੋੜ ਹੈ। ਜਾਪਾਨੀ ਕੈਨੇਡੀਅਨ ਰੀਡਰੈਸ ਐਸੋਸੀਏਸ਼ਨ ਨੇ ਇਹ ਮੰਗ ਕੀਤੀ ਹੈ ਕਿ ਸਰਕਾਰ ਇਨ੍ਹਾਂ ਜ਼ੁਲਮਾਂ ਤੇ ਕੁਕਰਮਾਂ ਦੀ ਮੁਆਫੀ ਮੰਗੇ, ਮੁਆਵਜ਼ਾ ਦੇਵੇ ਤੇ ਅਗਾਂਹ ਨੂੰ ਅਜਿਹਾ ਕਾਨੂੰਨ ਬਣਾਵੇ ਕਿ ਇਥੋਂ ਦੇ ਸ਼ਹਿਰੀਆਂ ਨੂੰ ਜਿਨ੍ਹਾਂ ਦੀ ਸ਼ਕਲ ਰੰਗ ਤੇ ਮੁਹਾਂਦਰਾ ਗੋਰਿਆਂ ਵਰਗਾ ਨਹੀਂ ਹੈ, ਉਨ੍ਹਾਂ ਜਮਪਲਾਂ ਨਾਲ ਫਿਰ ਇਸ ਤਰ੍ਹਾਂ ਦੀ ਕੁਤਾਹੀ ਨਾ ਕੀਤੀ ਜਾਵੇ ਤੇ ਇਨ੍ਹਾਂ ਸਾਰੇ ਲੋਕਾਂ ਨੂੰ ਅੱਧੇ ਸ਼ਹਿਰੀ ਨਾ ਗਿਣਿਆ ਜਾਵੇ ਸਗੋਂ ਹੋਰ ਕੈਨੇਡਾ ਜਮਪਲਾਂ ਵਾਂਗ ਪੂਰੇ ਅਧਿਕਾਰ ਹੋਣੇ ਚਾਹੀਦੇ ਹਨ।

ਲੀ ਮੈਰੀਕਲ ਜੋ ਕਿ ਨੇਟਿਵ ਇੰਡੀਅਨ ਦੀ ਕਾਰਕੁੰਨ ਹੈ, ਨੇ ਸਾਰੇ ਗਰੁਪਾਂ ਨੂੰ ਇਕੱਠੇ ਹੋਣ ਲਈ ਕਿਹਾ ਤੇ ਕਿਹਾ ਜੇ 1942 ਵਿਚ ਸਾਡਾ ਇਕੱਠ ਹੁੰਦਾ ਤਾਂ ਸਰਕਾਰ ਜਾਪਾਨੀਆਂ ਨੂੰ ਕੈਂਪਾਂ ਵਿਚ ਭੇਜ ਨਾ ਸਕਦੀ। ਬਿਨਾਂ ਗੋਰੇ ਲੋਕਾਂ ਤੋਂ ਇਸ ਸ਼ਹਿਰ ਵਿਚ ਬਹੁਤ ਜਾਤੀਆਂ ਰਹਿੰਦਿਆਂ ਹਨ ਪਰ ਇਨ੍ਹਾਂ ਦਾ ਇਕੱਠ ਨਹੀਂ ਸਗੋਂ ਇਕ ਦੂਜੇ ਨਾਲ ਕਾਫੀ ਮੱਤਭੇਦ ਹਨ। ਹੁਕਮਰਾਨ ਲੋਕ ਇਸ ਮੱਤਭੇਦ ਤੋਂ ਫਾਇਦਾ ਉਠਾਉਂਦੇ ਹਨ। ਬਰਤਾਨੀਆ ਦੇ ਗੋਰਿਆਂ ਨੇ ਨੇਟਿਵ ਲੋਕਾਂ ਦੀ ਰੂਪ ਰੇਖਾ ਹੀ ਬਦਲਕੇ ਰੱਖ ਦਿਤੀ ਹੈ। ਆਦਿ ਵਾਸੀਆਂ ਨੂੰ ਗੁਲਾਮ ਰੱਖਣ ਲਈ ਉਨ੍ਹਾਂ ਦੇ ਨਾਂ ਭੀ ਬਦਲ ਦਿਤੇ ਹਨ, ਜ਼ਬਾਨ ਭੀ ਖਤਮ ਕਰ ਦਿਤੀ ਹੈ ਤੇ ਉਨ੍ਹਾਂ ਦੇ ਕੁਦਰਤੀ ਸਾਧਨਾਂ ਨੂੰ, ਜਿਨ੍ਹਾਂ ਦੇ ਆਧਾਰ ਤੇ ਇਹ ਮੌਜਾਂ ਨਾਲ ਰਹਿੰਦੇ ਸਨ, ਹੜੱਪ ਕਰ ਲਿਆ ਹੈ। ਅੱਜ ਲੋੜ ਹੈ ਕਿ ਘੱਟ ਗਿਣਤੀ ਵਾਲੇ ਲੋਕ ਆਪਣੇ ਹੱਕਾਂ ਨੂੰ ਸੁਰੱਖਿਅਤ ਕਰਨ ਲਈ ਇਕੱਠੇ ਹੋਣ ਤੇ ਗਲਬਾਤ ਸ਼ੁਰੂ ਕਰਨ। ਸਾਨੂੰ ਵੋਟਾਂ ਦਾ ਹੱਕ ਮਿਲੇ ਨੂੰ ਥੋੜਾ ਚਿਰ ਹੀ ਹੋਇਆ ਹੈ। ਪਰ ਸਾਡੀਆਂ ਜ਼ਮੀਨਾਂ ਦੇ ਹੱਕ ਅਜੇ ਨਹੀਂ ਮਿਲੇ। ਤੇ ਨਾ ਹੀ ਸਾਡੀ ਸਭਿਅਤਾ ਤੇ ਵਿਦਿਆ ਨੂੰ ਬਚਾਉਣ ਦਾ ਕੋਈ ਉਪਰਾਲਾ ਕੀਤਾ ਗਿਆ ਹੈ। ਅਸੀਂ ਇਕੱਲੇ ਇਕੱਲੇ ਨਸਲਵਾਦ ਦੇ ਵਿਰੁੱਧ ਲੜਦੇ ਰਹੇ ਹਾਂ ਪਰ ਹੁਣ ਵਕਤ ਆ ਗਿਆ ਹੈ ਅਸੀਂ ਸਾਰੇ ਇਕਮੁੱਠ ਹੋਈਏ।

ਗਰੀਨ ਥੰਮ ਥੀਏਟਰ ਦੇ ਖਿਲਾੜੀਆਂ ਨੇ 'ਚਮੜੀ' ਨਾਂ ਦਾ ਡਰਾਮਾ ਖੇਡਿਆ ਜਿਸ ਵਿਚ ਉਨ੍ਹਾਂ ਵਿਖਾਇਆ ਕਿ ਕਿਸ ਤਰ੍ਹਾਂ ਰੰਗਦਾਰ ਲੋਕਾਂ ਦੇ ਬੱਚਿਆਂ ਦੀ ਸਕੂਲ ਵਿਚ ਦੁਰਦਸ਼ਾ ਹੁੰਦੀ ਹੈ। ਗੋਰੇ ਬੱਚੇ ਉਨ੍ਹਾਂ ਦਾ ਨਵਾਂ ਪਹਿਰਾਵਾ ਵੇਖਕੇ ਚਿੜਾਉਂਦੇ ਹਨ। ਉਨ੍ਹਾਂ ਦੀ ਰੱਖਿਆ ਲਈ ਸਕੂਲਾਂ ਵਿਚ ਕੋਈ ਚੰਗੇ ਕਾਨੂੰਨ ਨਹੀਂ। ਉਸਤਾਦ ਕੋਲ ਸ਼ਕਾਇਤ ਲਾਵੋ, ਉਹ ਭੀ ਕੋਈ ਪਰਵਾਹ ਨਹੀਂ ਕਰਦੇ। ਸਾਰੇ ਖਿਲਾੜੀਆਂ ਨੇ ਡਰਾਮੇ ਰਾਹੀਂ ਆਪਦੀ ਹੱਡਬੀਤੀ ਦੱਸੀ।

ਤਿੰਨ ਸੌ ਦੇ ਕਰੀਬ ਦਰਸ਼ਕ ਆਏ ਹੋਏ ਸਨ ਜਿਨ੍ਹਾਂ ਨੇ ਰਾਣੀ ਮਥਾਰੂ, ਇੰਡੀਅਨ ਕੇਟਰਿੰਗ ਸਰਵਿਸ, ਦਾ ਸੁਆਦਦਾਰ ਭੋਜਨ ਬਣਾਇਆ ਛਕਿਆ। ਇਨ੍ਹਾਂ ਮੁਫਤ ਕੰਮ ਕੀਤਾ ਤੇ ਇਸ ਸੇਵਾ ਦਾ ਕੋਈ ਚਾਰਜ ਨਹੀਂ ਕੀਤਾ। ਪਰਮਜੀਤ ਬੋਪਾਰਾਏ ਨੇ 200 ਡਾਲਰ ਦੇ ਕੇ ਸਾਰੇ ਖਾਣੇ ਦਾ ਬਿਲ ਚੁਕਾ ਦਿਤਾ। ਸਾਡੇ ਬਜ਼ੁਰਗ ਤੇ ਮਾਤਾਵਾਂ ਭਾਰੀ ਗਿਣਤੀ ਵਿਚ ਆਏ ਹੋਏ ਸਨ। ਕਰੀਬ ਅੱਧੇ ਗੋਰੇ ਤੇ ਅੱਧੇ ਭਾਰਤੀ ਲੋਕ ਸਨ। ਬਾਰ ਦੀ ਸੇਵਾ ਗੁਰਪਰਤਾਪ ਰੰਧਾਵਾ ਤੇ ਹੈਰੀ ਡੋਂਗਰੇ ਨੇ ਕੀਤੀ। ਇਸ ਮੀਟਿੰਗ ਵਿਚ ਪੰਜ ਘੰਟੇ ਤੱਕ ਇਕੱਠ ਰਿਹਾ ਤੇ ਵਿਚਾਰ ਵਟਾਂਦਰਾ ਚਲਦਾ ਰਿਹਾ। ਇਨ੍ਹਾਂ ਸਾਰੇ ਵਿਚਾਰਾਂ ਦਾ ਸਾਰਅੰਸ਼ ਇਹ ਸੀ ਕਿ ਕਿਸ ਤਰ੍ਹਾਂ ਸਾਰੀਆਂ ਕਮਿਊਨਿਟੀਆਂ ਇਕੱਠੀਆਂ ਹੋ ਕੇ ਨਸਲਵਾਦ ਦਾ ਖਾਤਮਾ ਕਰਨ।

ਗੁਰਬੀਰ ਗਿੱਲ
ਬੀ. ਸੀ. ਆਫਰ ਐਗਜ਼ੇਕਟਿਵ

NON-SMOKERS & SMOKERS

TOGETHER WE ARE STRONGER

NORTH AMERICAN LIFE

Permanent & Terms Plan

* Life and Group Insurance
* Retirement & Pension Plans
* Company Pension and Health Benefit Plans
* Estate Protection
* Business & Mortgage Insurance

Ph. 685-9335



SUDESH KALIA

MOGUL GARDENS

RESTAURANT



From June 1, 1986
LUNCHEON BUFFET
WEEKLY
$5.95

We cater to large private parties

Take-Out Available

The most affordable in
Tandori (clay-oven) dishes

We serve classical East-Indian
Food with good service. . .
Luncheon Buffet weekdays
Brunch weekends
Dinner daily

801 Beach Ave. (1 blk. south of Pacific)
684-5886

$ SAVE $
$1.00 OFF
with minimum $10.00
Dinner Food per purchase
VALID UNTIL MAY 31st. 1986
MOGUL GARDENS RESTAURANT




Free Parking (after 6 pm)

## Lok Sabha Speaker At a Party At Mogul Gardens Vancouver




Mr. Jakhar being welcomed at the gate



Mr. Jakhar with Indo-Canadians




Mogul Garden Staff and the organizers

## ਬਰਨਾਰਡ ਸ਼ਾਅ ਦੀ ਅਕੱਲਮੰਦੀ

ਇਕ ਵਾਰ ਬਰਨਾਰਡ ਸ਼ਾਅ ਨੇ ਇਕ ਚਿੱਤਰਕਾਰ ਨੂੰ ਆਪਣੀ ਇਕ ਤਸਵੀਰ ਬਣਾ ਦੇਣ ਲਈ ਕਿਹਾ ਅਤੇ ਉਸ ਨਾਲ ਵਾਅਦਾ ਕੀਤਾ ਕਿ ਜੇਕਰ ਉਨ੍ਹਾਂ ਨੂੰ ਤਸਵੀਰ ਪਸੰਦ ਆ ਗਈ ਤਾਂ ਉਹ ਚਿੱਤਰਕਾਰ ਨੂੰ 100 ਪੌਂਡ ਮਿਹਨਤਾਨਾ ਦੇਣਗੇ।

ਸੌ ਪੌਂਡ ਦੀ ਮੋਟੀ ਰਕਮ ਸੁਣ ਕੇ ਚਿੱਤਰਕਾਰ ਨੇ ਆਪਣੀ ਕਲਾ ਦਾ ਸਾਰਾ ਜ਼ੋਰ ਲਾ ਕੇ ਤਸਵੀਰ ਬਣਾਨ ਵਿਚ ਰਾਤ ਦਿਨ ਇਕ ਕਰ ਦਿਤਾ ਤਾਂ ਕਿ ਤਸਵੀਰ ਵਿਚ ਕਿਸੇ ਕਿਸਮ ਦੀ ਕੋਈ ਕਮੀ ਨਾ ਰਹੇ। ਕੁਝ ਦਿਨਾ ਬਾਅਦ ਉਸ ਨੇ ਤਸਵੀਰ ਪੂਰੀ ਕਰਕੇ ਸ਼ਾਅ ਨੂੰ ਘੱਲ ਦਿੱਤੀ। ਤਸਵੀਰ ਮਨਮੋਹਣੀ ਬਣੀ ਸੀ। ਸੋ ਸ਼ਾਅ ਨੇ ਵੇਖਦਿਆਂ ਹੀ ਪਸੰਦ ਕਰ ਲਈ ਅਤੇ ਵਾਅਦੇ ਮੁਤਾਬਕ ਸੌ ਪੌਂਡ ਚੁੱਕਣ ਲਈ ਚੈਕ-ਬੁਕ ਚੋਂ ਵੀਹ-ਵੀਹ ਪੌਂਡ ਦੇ ਪੰਜ ਚੈਕ ਚਿੱਤਰਕਾਰ ਦੇ ਨਾਂ ਕੱਟ ਦਿਤੇ। ਚਿੱਤਰਕਾਰ ਨੂੰ ਜਦ ਚੈਕ ਮਿਲੇ ਤਾਂ ਉਹ ਸੌ ਪੌਂਡ ਦੇ ਇਕ ਚੈਕ ਦੀ ਥਾਂ ਵੀਹ-ਵੀਹ ਪੌਂਡ ਦੇ ਪੰਜ ਚੈਕ ਵੇਖ ਕੇ ਹੈਰਾਨ ਰਹਿ ਗਿਆ। ਬੈਂਕ ਵਿਚ ਚੈਕ ਜਮ੍ਹਾਂ ਕਰਾਉਣ ਤੋਂ ਪਹਿਲਾਂ ਉਹ ਸ਼ਾਅ ਕੋਲ ਪਹੁੰਚਿਆ ਅਤੇ ਪੁੱਛਿਆ, "ਹਜ਼ੂਰ, ਜਦ ਸੌ ਪੌਂਡ ਦੇ ਇਕ ਚੈਕ ਨਾਲ ਹੀ ਕੰਮ ਚੱਲ ਜਾਣਾ ਸੀ ਤਾਂ ਤੁਸੀਂ ਵੀਹ-ਵੀਹ ਦੇ ਪੰਜ ਚੈਕ ਕੱਟਣ ਦੀ ਖੇਚਲ ਿਕਉਂ ਕੀਤੀ ?"

"ਉਏ ਇਹ ਸਭ ਤੇਰੇ ਹੀ ਫਾਇਦੇ ਲਈ ਕੀਤਾ ਹੈ। ਤੂੰ ਉਨ੍ਹਾਂ ਚੈਕਾਂ ਨੂੰ ਅਜੇ ਬੈਂਕ ਵਿਚ ਜਮ੍ਹਾਂ ਤਾਂ ਨਹੀਂ ਕਰਾਇਆ ?" ਸ਼ਾਅ ਨੇ ਪੁੱਛਿਆ।

"ਹਜ਼ੂਰ ਨਹੀਂ, ਚੈਕ ਮੇਰੇ ਕੋਲ ਹੀ ਹਨ।"

"ਚਲੋ ਚੰਗਾ ਹੋਇਆ, ਇਸ ਤਰ੍ਹਾਂ ਮੈਨੂੰ ਵੀ ਫਾਇਦਾ ਹੋ ਜਾਵੇਗਾ।

"ਉਹ ਕਿਵੇਂ ਜੀ ?"

"ਵੇਖ ਕਮਲਿਆ, ਜਦ ਮੇਰੇ ਪ੍ਰਸ਼ੰਸਕ ਮੈਥੋਂ ਆਟੋਗਰਾਫ ਮੰਗਦੇ ਨੇ ਤਾਂ ਮੈਂ ਉਨ੍ਹਾਂ ਤੋਂ ਇਕ ਆਟੋਗਰਾਫ ਦੇ ਵੀਹ ਪੌਂਡ ਲੈਂਦਾ ਹਾਂ। ਇਨ੍ਹਾਂ ਪੰਜਾਂ ਚੈਕਾਂ 'ਤੇ ਮੇਰੇ ਦਸਤਖਤ ਹੋਏ ਨੇ, ਤੇ ਤੂੰ ਇਨ੍ਹਾਂ ਨੂੰ ਮੇਰੇ ਪ੍ਰਸ਼ੰਸਕ ਨੂੰ ਤੀਹ-ਤੀਹ ਪੌਂਡ ਦੇ ਵੇਚ ਦੇ। ਇਸ ਤਰ੍ਹਾਂ ਤੈਨੂੰ ਪੰਜਾਹ ਪੌਂਡ ਦਾ ਫਾਇਦਾ ਹੋ ਜਾਵੇਗਾ। ਦੂਜਾ ਮੈਨੂੰ ਇਕ ਵੀ ਪੈਸੇ ਦਾ ਨੁਕਸਾਨ ਨਹੀਂ ਹੋਣਾ, ਕਿਉਂਕਿ ਮੇਰੇ ਪ੍ਰਸ਼ੰਸਕ ਉਨ੍ਹਾਂ ਚੈਕਾਂ ਨੂੰ ਯਾਦਗਾਰ ਲਈ ਆਪਣੇ ਕੋਲ ਹੀ ਰੱਖਣਗੇ ਅਤੇ ਇਸ ਤਰ੍ਹਾਂ ਮੇਰੇ ਬੈਂਕ ਖਾਤੇ ਵਿਚੋਂ ਇਕ ਪੈਸਾ ਵੀ ਘੱਟ ਨਹੀਂ ਹੋਣਾ। .... ਕਿਉਂ ਹੈ ਨਾ ਦੋਵਾਂ ਨੂੰ ਫਾਇਦਾ ?"

"ਮੰਨ ਗਿਆ ਹਜ਼ੂਰ ਮੰਨ ਗਿਆ .... ਤੁਹਾਡੀ ਅਕਲ ਵੀ ਕਮਾਲ ਦੀ ਹੈ

ਪੇਸ਼ਕਸ਼ : ਬੀ. ਐਸ. ਸੋਹਲ

## ਪੰਜਾਬ ਨੂੰ 500 ਕਰੋੜ ਰੁਪਏ ਦੇ ਨਵੇਂ ਕਰਜ਼ੇ

ਨਵੀਂ ਦਿੱਲੀ — ਰੀਜ਼ਰਵ ਬੈਂਕ ਆਫ ਇੰਡੀਆ ਨੇ ਪੰਜਾਬ ਵਿਚ ਵਪਾਰ ਅਤੇ ਦਸਤਕਾਰੀ ਨੂੰ ਪੈਰਾਂ ਤੇ ਖੜ੍ਹਾ ਕਰਨ ਲਈ 500 ਕਰੋੜ ਰੁਪਏ ਦੇ ਨਵੇਂ ਕਰਜ਼ੇ ਦੇਣ ਦਾ ਫੈਸਲਾ ਕੀਤਾ ਹੈ। ਪੰਜਾਬ ਦੇ ਦਸਤਕਾਰਾਂ ਨੂੰ ਕਰੈਡਿਟ ਸੀਮਾ ਵਧਾ ਦਿਤੀ ਗਈ ਹੈ।


# Free South Africa Day

**JUNE 16th**

**5 - 6p.m.**

**Scotia Tower**
**650 W. Georgia**

**Commemoration Rally**

**at Minister Pat Carney's Energy, Mines & Resources office to pressure her to cut off Petro-Canada's sulphur sales to apartheid S. Africa.**

**Ecumenical Service - Christ Ch. Cathedral (Burrard & Georgia) 4p.m.**

* Endorsed by: City of Vancouver, Rt. Rev. R. Smith, Archbishop Douglas Hambage
Sponsored by: Anti-Apartheid Network, 2524 Cypress St., Vanc. V6J 3N2 **Ph: 734-1712**





PARKER'S AUTO-MALL

**PARKERS AUTO MALL**
1765 and 1803 and 1848 Main Street, Penticton 492-2839

ਕਾਰ ਦੀ ਭਾਲ ਹੈ ? ਨਵੀਂ ਜਾਂ ਪੁਰਾਣੀ ?
ਕਰਿਸਲਰ ਦੇ ਝੂਟੇ ਲਵੋਂ ਭਾਵੇਂ ਪੋਨੀ ਦੇ - ਤੁਹਾਡੀ ਹਰ ਪ੍ਰਕਾਰ ਦੀ ਵੱਧ ਤੋਂ ਵੱਧ ਸੇਵਾ ਕਰਨ ਦਾ ਮੌਕਾ ਦਿਓ
ਕਿਸੇ ਸਮੇਂ ਵੀ ਫੋਨ ਕਰੋ :-
498-6757
**ਹਰਭਜਨ ਸਿੰਘ ਦਿਓਲ**



Chris Parker, President of Parkers Auto Mall in Penticton is pleased to announce the appointment of Mr. H.S. Deol as Sales Representative. Mr. Deol will be representing new Chrysler products, new Hyundai products, new Empress motor homes, as well as a wide selection of used vehicles. Mr. Deol will be pleased to be of assistance to any member of the Indian community, particularly in the interior region of British Columbia. Mr. Deol may be reached at 498-6757 in Oliver, B.C.

# ਅਕਾਲੀ ਆਗੂ ਤ੍ਰਿਲੋਕ ਸਿੰਘ ਉਤੇ ਹਮਲਾ

## 30 ਅਪ੍ਰੈਲ ਪਿੱਛੋਂ 100 ਵਿਅਕਤੀ ਕਤਲ

ਅੰਮ੍ਰਿਤਸਰ — ਐਤਵਾਰ ਨੂੰ ਦਿਨ ਦਿਹਾੜੇ ਦਹਿਸ਼ਤਪਸੰਦਾਂ ਵਲੋਂ ਦੋ ਵਿਅਕਤੀਆਂ ਨੂੰ ਗੁਰਦਾਸਪੁਰ ਦੇ ਨੇੜੇ ਗੁਰਦੁਆਰੇ ਵਿਚ ਕਤਲ ਕਰ ਦਿਤਾ ਗਿਆ ਅਤੇ ਇਕ ਵਿਅਕਤੀ ਗੋਲੀਆਂ ਨਾਲ ਜ਼ਖਮੀ ਕੀਤਾ ਗਿਆ।

ਅੰਮ੍ਰਿਤਸਰ ਦੇ ਲਾਗਲੇ ਇਕ ਪਿੰਡ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਇਕ ਆਗੂ ਤਿਰਲੋਕ ਸਿੰਘ ਨੂੰ ਗੋਲੀਆਂ ਮਾਰ ਕੇ ਜ਼ਖਮੀ ਕਰ ਦਿਤਾ ਗਿਆ।

ਗੁਰਦੁਆਰਾ ਅਸਲ ਵਿਚ ਬਖਸ਼ੀਸ਼ ਸਿੰਘ ਦਾ ਡੇਰਾ ਕਿਹਾ ਜਾਂਦਾ ਹੈ। ਬਖਸ਼ੀਸ਼ ਸਿੰਘ ਆਪ ਅਪਾਹਜ ਹੈ ਪਰ ਉਸ ਨੂੰ ਇਲਾਕੇ ਦੇ ਲੋਕ ਸੰਤ ਕਰਕੇ ਮੰਨਦੇ ਹਨ। ਹਿੰਦੂ ਅਤੇ ਸਿੱਖ ਦੋਵੇਂ ਉਸਦੇ ਸ਼ਰਧਾਲੂ ਦੱਸੇ ਗਏ ਹਨ।

ਗੁਰਦਾਸਪੁਰ ਜ਼ਿਲੇ ਦੇ ਡਿਪਟੀ ਕਮਿਸ਼ਨਰ ਸ੍ਰੀ ਪਵਾਰ ਨੇ ਕਿਹਾ ਕਿ ਕੁਝ ਸਿੱਖ ਡੇਰੇ ਨੂੰ ਹਿੰਦੂ ਸਿੱਖ ਏਕਤਾ ਦਾ ਪ੍ਰਤੀਕ ਸਮਝਦੇ ਹੋਏ ਇਸਦੇ ਵਿਰੁੱਧ ਹਨ।

ਪਿਛਲੇ ਦਿਨੀਂ ਇਥੇ ਦਹਿਸ਼ਤਪਸੰਦਾਂ ਨੇ ਆਟੋਮੈਟਿਕ ਹਥਿਆਰਾਂ ਨਾਲ ਇਕ ਮੰਦਰ ਉਤੇ ਵੀ ਹਮਲਾ ਕੀਤਾ ਜਿਥੇ ਦੋ ਘੱਟ ਗਿਣਤੀ ਫਿਰਕੇ ਦੇ ਬੰਦੇ ਮਾਰੇ ਗਏ ਅਤੇ ਚਾਰ ਜ਼ਖਮੀ ਹੋਏ।

30 ਅਪ੍ਰੈਲ ਤੋਂ ਹੁਣ ਤੱਕ 100 ਵਿਅਕਤੀ ਦਹਿਸ਼ਤਪਸੰਦਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਚੁਕੇ ਹਨ।

30 ਅਪ੍ਰੈਲ ਨੂੰ ਅਤਿਵਾਦੀਆਂ ਨੂੰ ਹਰਿਮੰਦਰ ਕੰਪਲੈਕਸ ਵਿਚੋਂ ਪੁਲਸ ਐਕਸ਼ਨ ਸਮੇਂ ਕੱਢ ਦਿਤਾ ਗਿਆ ਸੀ।

# 13 ਜੂਨ ਵੈਨਕੂਵਰ ਸ਼ਹਿਰ ਦਾ ਸ਼ਤਾਬਦੀ ਦਿਹਾੜਾ

ਵੈਨਕੂਵਰ — ਸ਼ੁਕਰਵਾਰ ਦਾ ਦਿਨ ਵੈਨਕੂਵਰ ਲਈ ਇਕ ਬੜਾ ਹੀ ਮਹੱਤਵਪੂਰਨ ਦਿਹਾੜਾ ਹੈ। ਇਸ ਦਿਨ ਵੈਨਕੂਵਰ ਆਪਣੀ ਸੌ ਸਾਲਾ ਬਰਸੀ ਮਨਾਉਣ ਜਾ ਰਿਹਾ ਹੈ। ਸ਼ੁਕਰਵਾਰ ਨੂੰ ਸਿਟੀ ਕੌਂਸਲ ਵਲੋਂ ਫਾਇਰ ਅਲਾਰਮ ਚਰਚਾਂ ਦੀਆਂ ਘੰਟੀਆਂ ਤੇ ਸਾਇਰਨ ਆਦਿ ਵਜਾਕੇ ਇਸ ਜਸ਼ਨ ਨੂੰ ਪੂਰਾ ਕੀਤਾ ਜਾਵੇਗਾ। ਇਸ ਸ਼ਹਿਰ ਨੂੰ ਲੱਭਣ ਕੈਪਟਨ ਜਾਰਜ ਵੈਨਕੂਵਰ ਦੇ ਭਰਾ ਦੇ ਬੱਚੇ ਕੈਰੋਲੀਨ ਤੇ ਇਸਦਾ ਪੁਤਰ ਡੇਵਿਡ ਇੰਗਲੈਂਡ ਤੋਂ ਆਉਣਗੇ ਤੇ ਮੁਖ ਮਹਿਮਾਨ ਹੋਣਗੇ। ਜਿਥੇ ਕੈਪਟਨ ਜਾਰਜ ਵੈਨਕੂਵਰ ਦਾ ਜਨਮ ਹੋਇਆ ਇੰਗਲੈਂਡ ਵਿਚ ਉਥੋਂ ਦਾ ਮੇਅਰ ਵੀ ਇਹਨਾਂ ਜਸ਼ਨਾਂ ਵਿਚ ਹਿੱਸਾ ਲਵੇਗਾ।

ਜੂਨ 13 ਦਾ ਦਿਨ ਮਨਾਉਣ ਦੇ ਮੁਖ ਕਾਰਨ ਇਹ ਹਨ :

- ਇਸੇ ਦਿਨ 1792 ਵਿਚ ਕੈਪਟਨ ਜਾਰਜ ਵੈਨਕੂਵਰ ਨੇ ਬਰਾਡ ਇਨਲੇਟ ਵਿਚ ਪ੍ਰਵੇਸ਼ ਕੀਤਾ ਸੀ।
- ਕੋਲ ਹਾਰਵਰ ਦੀ ਖੋਜ ਵੀ ਕੁਝ ਵਰ੍ਹੇ ਪਿਛੋਂ ਇਸੇ ਦਿਨ ਹੋਈ ਸੀ।
- ਇਸ ਦਿਨ ਹੀ 1886 ਵਿਚ ਹੁਣ ਦਾ ਵੈਨਕੂਵਰ ਸ਼ਹਿਰ ਇਕ ਬਹੁਤ ਵੱਡੀ ਅੱਗ ਕਾਰਨ ਬਿਲਕੁਲ ਖਤਮ ਹੋ ਗਿਆ ਸੀ ਤੇ ਇਸਦਾ ਦੁਬਾਰਾ ਨਾਂ ਕੈਪਟਨ ਜਾਰਜ ਵੈਨਕੂਵਰ ਦੇ ਨਾਂ ਤੇ ਰੱਖਿਆ ਗਿਆ।

ਇਸੇ ਕਾਰਨ ਵੈਨਕੂਵਰ ਦੇ ਜਨਮ ਦਿਨ ਨੂੰ ਮਨਾਉਣ ਲਈ ਤੇ ਪੁਰਾਣੇ ਅੱਗ ਭੇਟ ਹੋਏ ਸ਼ਹਿਰ ਨੂੰ ਯਾਦ ਕਰਨ ਲਈ ਫਾਇਰ ਅਲਾਰਮ ਵਜਾਏ ਜਾਣਗੇ। ਇਸ ਦਿਨ ਸ਼ਹਿਰ ਵਿਚ ਪਰੇਡ ਹੋਵੇਗੀ ਤੇ ਗੀਤ ਸੰਗੀਤ ਹੋਵੇਗਾ।



# 'ਸ਼ੈਰਨ ਵੁਡ' ਐਵਰੈਸਟ ਵਿਜੇਤਾ

ਸ਼ੈਰਨਵੁਡ ਸੰਸਾਰ ਦੀ ਸਭ ਤੋਂ ਉਚੀ ਪਹਾੜੀ ਚੋਟੀ ਨੂੰ ਸਰ ਕਰਕੇ ਹੁਣੇ ਹੁਣੇ ਕੈਨੇਡਾ ਪਹੁੰਚੀ ਹੈ। 21 ਮਈ ਨੂੰ ਸ਼ੈਰਨ ਵੁਡ ਤੇ ਉਸਦੇ ਸਾਥੀ ਡਾਇਨ ਕਾਗਡਾਨ ਨੇ ਮਾਊਂਟ ਐਵਰੈਸਟ ਨੂੰ ਫਤਹਿ ਕੀਤਾ।

ਸ਼ੈਰਨ ਵੁਡ ਇਕ 29 ਸਾਲਾ ਮੁਟਿਆਰ ਹੈ ਜਿਸਦਾ ਜਨਮ ਬਰਨਬੀ ਵਿਚ ਹੋਇਆ। ਸ਼ੈਰਨ ਵੁਡ ਅਨੁਸਾਰ 20 ਮਈ ਦੀ ਰਾਤ ਨੂੰ ਉਹ ਚੋਟੀ ਤੇ ਚੜ੍ਹਨ ਦੇ ਨੇੜੇ ਪੁਜੇ, ਉਹ ਡਾਇਨ ਤੋਂ ਕੁਝ ਅਗੇ ਸੀ ਜਦੋਂ ਡਾਇਨ ਕਾਫੀ ਪਿਛੇ ਰਹਿ ਗਿਆ ਤੇ ਥੱਲੇ ਡਿਗਣ ਲਗਿਆ ਤੇ ਉਹ ਕਾਫੀ ਦੇਰ ਉਸਦਾ ਇਤਜ਼ਾਰ ਕਰਦੀ ਰਹੀ ਅਖੀਰ ਵਿਚ ਉਹ ਅਗੇ ਚੜ੍ਹਨ ਲਈ ਮਜ਼ਬੂਰ ਹੋਈ ਕਿਉਂਕਿ ਉਸਦੇ ਹੱਥ ਪੈਰ ਸੁੰਨ ਹੋ ਰਹੇ ਸਨ ਅੱਧੇ ਘੰਟੇ ਬਾਅਦ ਡਾਇਨ ਵੀ ਉਸ ਕੋਲ ਪੁੱਜ ਗਿਆ। ਇਥੇ ਹੀ ਬਸ ਨਹੀਂ ਇਕ ਵਾਰ ਉਹ ਜ਼ਖਮੀ ਹੁੰਦੇ ਹੁੰਦੇ ਬਚੇ ਜਦੋਂ ਉਹਨਾਂ ਦਾ ਕੈਂਪ ਸਟੋਵ ਫਟ ਗਿਆ। ਉਸਨੇ ਕਿਹਾ ਕਿ ਉਸਦੇ ਚੋਟੀ ਤੇ ਚੜ੍ਹਨ ਨਾਲ ਉਸਦਾ ਨਿਸ਼ਾਨਾ ਪੂਰਾ ਨਹੀਂ ਹੋ ਗਿਆ ਸਗੋਂ ਉਹ ਭਵਿਖ ਵਿਚ ਵੀ ਚੜ੍ਹਾਈਆਂ ਚੜ੍ਹਦੀ ਰਹੇਗੀ।

# ਹਰਿਆਣਾ ਦੇ ਸਰਕਾਰੀ ਦਫਤਰ ਪੰਜ ਸਾਲ ਚੰਡੀਗੜ੍ਹ ਰਹਿਣਗੇ *

ਚੰਡੀਗੜ੍ਹ — ਪਿਛਲੇ ਦਿਨ ਇਥੇ ਪੰਜਾਬ ਦੇ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਤੇ ਹਰਿਆਣੇ ਦੇ ਮੁੱਖ ਮੰਤਰੀ ਬੰਸੀ ਲਾਲ ਵਿਚਕਾਰ ਗਲਬਾਤ ਹੋਈ। ਗਲਬਾਤ ਸਮੇਂ ਸ੍ਰੀ ਬਰਨਾਲਾ ਨੇ ਕਿਹਾ ਕਿ ਹਰਿਆਣਾ ਸਰਕਾਰ ਦੇ ਦਫਤਰ ਪੰਜ ਸਾਲ ਲਈ ਚੰਡੀਗੜ੍ਹ ਵਿਚ ਹੀ ਰੱਖੇ ਜਾਣ। ਚੰਡੀਗੜ੍ਹ 21 ਜੂਨ ਨੂੰ ਪੰਜਾਬ ਨੂੰ ਦਿਤੇ ਜਾਣ ਪਿਛੋਂ ਹਰਿਆਣੇ ਨੂੰ ਨਵੀਂ ਰਾਜਧਾਨੀ ਬਨਾਉਣ ਲਈ ਘੱਟੋ ਘੱਟ ਪੰਜ ਸਾਲ ਦਾ ਅਰਸਾ ਲੱਗੇਗਾ। ਮੀਟਿੰਗ ਸਮੇਂ ਗ੍ਰਹਿ ਮੰਤਰੀ ਬੂਟਾ ਸਿੰਘ ਵੀ ਹਾਜ਼ਰ ਸਨ।

# ਬਾਬਾ ਜੁਗਿੰਦਰ ਸਿੰਘ ਦੇ ਬੰਦੇ 40 ਬੱਸਾਂ ਉਤੇ ਪਹੁੰਚੇ

ਅੰਮ੍ਰਿਤਸਰ — ਬਾਬਾ ਅਕਾਲੀ ਦਲ ਵਲੋਂ ਇਕ ਵਿਸ਼ਾਲ ਜਲੂਸ ਕੱਢਿਆ ਗਿਆ ਜਿਸ ਵਿਚ 40 ਬੱਸਾਂ ਰਾਹੀਂ ਲਗਪਗ 2000 ਵਿਅਕਤੀ ਹਰਿਮੰਦਰ ਕੰਪਲੈਕਸ ਪਹੁੰਚੇ। ਕੋਈ ਅਣਸੁਖਾਵੀਂ ਘਟਨਾ ਨਹੀਂ ਵਾਪਰੀ। ਉਨ੍ਹਾਂ ਮੰਜੀ ਸਾਹਿਬ ਆਪਣਾ ਦੀਵਾਨ ਲਾਇਆ।

ਬਾਬਾ ਜੋਗਿੰਦਰ ਸਿੰਘ ਨੇ ਬੋਲਦਿਆਂ ਕਿਹਾ ਕਿ ਬਰਨਾਲਾ ਤੇ ਪੁਲਸ ਚੀਫ, ਰੇਬੇਰੋ ਦਾ ਹਸ਼ਰ ਚੰਗਾ ਨਹੀਂ ਹੋਵੇਗਾ। ਪਤਾ ਲੱਗਾ ਹੈ ਕਿ ਬਰਨਾਲਾ ਸਰਕਾਰ ਬਾਬੇ ਦੇ ਬਿਆਨ ਉਤੇ ਐਕਸ਼ਨ ਲੈਣ ਲਈ ਸੋਚ ਰਹੀ ਹੈ।

ਅੱਗੇ ਤਾਂ ਸਫ਼ਰਾਂ ਦੀ ਦੂਰੀ,
ਹੁਣ ਗੱਡੀਆਂ ਵਿਚ ਖ਼ੂਨੀ।
ਹੱਥ ਹਥਿਆਰ ਜਨੂਨੀ।

## ਨੇੜੇ ਤੇੜੇ



ਮੈਡਮ! ਹਰ ਵਾਰੀ "ਪੰਜਾਬ ਮਸਲਾ ਹੋ ਜਾਏਗਾ" ਕਿਉਂ? ਕਦੀ ਜਲਦੀ "ਹੱਲ ਹੋ ਜਾਏਗਾ" ਵੀ ਲਿਖਾਓ।


THINKING OF BUYING or SELLING
(RESIDENTIAL, COMMERCIAL, FARMS & INDUSTRIAL)

L/R
Lake View Realty

FREE Consultation for BUYING or SELLING
FREE Information on Financing
FREE Knowledge of your existing Mortgage
FREE EVALUATION of your property

FOR FRIENDLY & EFFICIENT SERVICE
Call
NIRMAL (NEIL) DHALIWAL
Bus: 588-9955 Res: 597-2069



I know the signs of a good neighbourhood.
If your property is currently listed with a real estate broker please disregard this offer. It is not our intention to solicit the offerings of other real estate brokers. We are happy to work with them and cooperate fully.

KHALSA CHIROPRACTIC LIFE CENTER
P.O. BOX 3335 — 2086 LIVE OAK BLVD., #B — YUBA CITY, CA 95992
(916) 674-2378 — DR. PRITAM SINGH KHALSA

Specializing in difficult and chronic cases.

ਹਰ ਤਰ੍ਹਾਂ ਦੇ ਦਰਦ, ਜਿਵੇਂ ਪਿੱਠ, ਸਿਰ, ਗਰਦਨ, ਰੀੜ੍ਹ ਦੀ ਹੱਡੀ, ਜੋੜਾਂ ਦੇ ਦਰਦਾਂ ਦਾ ਇਲਾਜ ਕਰਾਉਣ ਲਈ ਆਪਣੇ ਜਾਣੇ ਪਛਾਣੇ ਡਾਕਟਰ ਪ੍ਰੀਤਮ ਸਿੰਘ ਖਾਲਸਾ ਨੂੰ ਮਿਲੋ।

Insurance & Medicare accepted

Dr. Pritam Singh Khalsa
2086 Live Oak Blvd., B
Yuba City, CA. 95991
(916) 674-2378

# Ambika Foods

**5125 Victoria D**

**Ph. 3**

# Sale Starts Jun

| | | | | |
|---|---|---|---|---|
| Vegetable Oil<br>ਵੈਜੀਟੇਬਲ ਤੇਲ<br>only 3 litre<br>$2.87 | Mazzola Corn Oil<br>ਮਜ਼ੋਲਾ ਮੱਕੀ ਦਾ ਤੇਲ<br>only 3 litre<br>$5.89 | Vegetable Oil<br>ਵੈਜੀਟੇਬਲ ਤੇਲ<br>only 16 litre<br>$12.99 pail | Sun Flower Oil<br>ਸਨ ਫਲਾਵਰ ਆਇਲ<br>only 16 litre<br>$19.99 pail | Sun Flower Oil<br>ਸਨ ਫਲਾਵਰ ਆਇਲ<br>only 3 litre<br>$3.9 |
| Colonial Halal Mutton<br>ਹਲਾਲ ਮਟਨ<br>only<br>$1.29 can | Koki Corned Mutton<br>ਕੋਕੀ ਕੌਰਨਡ ਮਟਨ<br>only<br>$1.29 can | Salisbury Corned Mutton<br>ਸੇਲਜ਼ਬਰੀ ਕੌਰਨਡ ਮਟਨ<br>only<br>$1.29 can | Lamb Chops<br>ਲੈਂਬ ਚੋਪ<br>only<br>$1.29 lb. | Chicken Drumsti<br>ਚਿਕਨ ਡਰੱਮਸਟਿਕ<br>99¢ |
| Punjabi Tinda<br>ਪੰਜਾਬੀ ਟੀਂਡਾ<br>79¢ tin | Karela<br>ਕਰੇਲਾ<br>69¢ tin | Rooh Afza<br>Hamdard<br>ਰੂਹ ਅਫਜ਼ਾ<br>$2.99 bottle | Curried Patra<br>ਪਾਤਰਾ<br>99¢ tin | Jimikand (Yam)<br>ਜ਼ਿਮੀਕੰਦ<br>89¢ ti |

## GRIND YOUR OWN MASALA

| | | | | |
|---|---|---|---|---|
| Jeera<br>ਜ਼ੀਰਾ<br>98¢ lb. | Dhania<br>ਧਨੀਆ<br>89¢ lb. | Methe<br>ਮੇਥੇ<br>59¢ lb. | Ginger Powder<br>ਸੁੰਢ<br>99¢ lb. | Haldi<br>ਹਲਦੀ<br>89¢ lb. |

## DAL

| | | | | |
|---|---|---|---|---|
| Urad Manh<br>ਮਾਂਹ<br>29¢ lb. | Moong<br>ਮੂੰਗੀ<br>29¢ lb. | Chana Dal<br>ਛੋਲਿਆਂ ਦੀ ਦਾਲ<br>37¢ lb. | Australian Moth<br>ਮੋਠ<br>37¢ lb. | Moong Split Da<br>ਦਲਵੀਂ ਮੂੰਗੀ<br>37¢ lb. |

For your marriage party or other parties — Kitchen facilities available for cooking — Day to day rental basis — cooking assistance available, too — cook yourself and save money.

Book in advance Ph. 327-0295

# Anniversary Sale

## . Vancouver, B.C.

## .7-0295

# 15 - July 10, 1986

| | | | | |
|---|---|---|---|---|
| **Farine Roti Atta**<br>10 kg.<br>ਫਰੀਨ ਰੋਟੀ ਆਟਾ<br>only<br>$4.89 | **Chana Flour (Besan)**<br>ਬੇਸਣ<br>only 2 kg.<br>$2.39 | **Pea Flour**<br>ਮਟਰਾਂ ਦਾ ਆਟਾ<br>2 kg.<br>$1.49 | **Corn Flour**<br>ਮੱਕੀ ਦਾ ਆਟਾ<br>2 kg.<br>$1.49 | **Tin Macken**<br>ਟੀਨ ਮੈਕਨ<br>each<br>89¢ |
| **Chicken Legs (Whole)**<br>ਮੁਰਗੇ ਦੀਆਂ ਲੱਤਾਂ<br>$1.19 lb. | **Goat Meat**<br>ਬੱਕਰੇ ਦਾ ਮੀਟ<br>$1.99 lb. | **Pacific Tin Milk**<br>ਪੈਸੀਫਿਕ ਦੁੱਧ<br>68¢ each | **Pachranga Achar**<br>ਪਚਰੰਗਾ ਆਚਾਰ<br>99¢ tin | **Shona Saag**<br>ਸ਼ੋਹਣਾ ਸਾਗ<br>89¢ tin |
| **Peanut**<br>ਪੀਨਟ<br>69¢ lb. | Chivret **Pawa**<br>ਪਾਵਾ<br>69¢ lb. | **Mamra**<br>**Fulian**<br>ਮਮਰਾ<br>99¢ lb. | **Dhandal**<br>ਡੰਡਲ<br>99¢ lb. | **Khaskhas**<br>ਖਸਖਸ<br>$1.99 lb. |
| **Mirch**<br>ਮਿਰਚ<br>99¢ lb. | **Margrine**<br>ਮਾਰਜਰੀਨ<br>49¢ lb. | **Butter Milk**<br>ਲੱਸੀ<br>99¢ litre | **Milk**<br>ਦੁੱਧ<br>4 litre<br>$3.39 | **Long Grain Rice**<br>ਲੌਂਗ ਗਰੇਨ ਚਾਵਲ<br>20 kg.<br>$9.89 |
| **Manh Split Dal**<br>ਦਲਵੇਂ ਮਾਂਹ<br>37¢ lb. | **Sugar Best Price in Town**<br>ਖੰਡ ਸਭ ਤੋਂ ਸਸਤੀ ਕੀਮਤ ’ਤੇ | | | **Basmati Rice**<br>ਬਾਸਮਤੀ ਚਾਵਲ<br>79¢ lb. |

ਵਿਆਹ ਸ਼ਾਦੀਆਂ ਦੀ ਪਾਰਟੀ ਲਈ, ਜਨਮ ਦਿਨ ਜਾਂ ਹੋਰ ਕਿਸੇ ਕਿਸਮ ਦੀ ਪਾਰਟੀ ਲਈ ਖਾਣਾ ਬਣਾਉਣ ਲਈ ਕਿਚਨ ਕਿਰਾਏ ਤੇ ਮਿਲ ਸਕਦੀ ਹੈ — ਆਪ ਖਾਣਾ ਬਣਾਓ ਅਤੇ ਪੈਸੇ ਬਚਾਓ । ਕਿਚਨ ਵਿਚ ਖਾਣਾ ਬਣਾਉਣ ਲਈ ਮਦਦ ਵੀ ਮਿਲ ਸਕਦੀ ਹੈ ਹੋਰ ਜਾਣਕਾਰੀ ਲਈ ਫੋਨ ਕਰੋ :— ਫੋਨ : 327-0295

# ਸਾ ਹਿ ਤ ਦ ਰ ਪ ਣ

ਕਹਾਣੀ:

## ਰਿਸਦੇ ਜ਼ਖਮ

ਅਵਤਾਰ ਸਾਦਿਕ

ਫੈਕਟਰੀ ਵਿਚ ਦਾਖਲ ਹੁੰਦਿਆਂ ਅੱਜ ਜਿਸ ਘਟਨਾ ਬਾਰੇ ਉਹ ਮੈਨੂੰ ਦੱਸ ਰਿਹਾ ਸੀ, ਮੈਨੂੰ ਯਕੀਨ ਨਹੀਂ ਸੀ ਆਉਂਦਾ। ਮੈਂ ਹੈਰਾਨ ਹੋ ਬਾਰ ਬਾਰ ਕਹਿ ਰਿਹਾ ਸਾਂ, ਇਹ ਝੂਠ ਹੈ, ਇਹ ਅਸੰਭਵ ਹੈ। ਫੋਰਮੈਨ ਐਲਨ ਦੇ ਪੰਜ ਬੱਚੇ ਹਨ, ਉਹ ਵਿਆਹੀ ਹੋਈ ਕੁੜੀ ਹੈ।

ਮੈਂ ਉਸਦਾ ਮੁਸਕ੍ਰਾਉਂਦਾ ਚਿਹਰਾ ਵੇਖ ਕੇ ਕਿਹਾ,
"ਨਹੀਂ, ਨਹੀਂ ਪੀਟਰ ਤੂੰ ਮਖੌਲ ਕਰ ਰਿਹਾ ਏਂ।"

"ਇਹ ਮਖੌਲ ਨਹੀਂ ਸੱਚ ਹੈ, ਬਿਲਕੁਲ ਸੱਚ।" ਪੀਟਰ ਨੇ ਆਪਣੇ ਦੋਵੇਂ ਮੋਢੇ ਤੇ ਦੋਵੇਂ ਭਰਵਟੇ ਉਤਾਂਹ ਨੂੰ ਉਠਾਂਦਿਆਂ ਬੜੇ ਅੰਦਾਜ਼ ਨਾਲ ਦੁਹਰਾਇਆ

"ਕੋਈ ਕਿਵੇਂ ਮੰਨੇ, ਉਹ ਪੰਜਾਹਾਂ ਤੋਂ ਟੱਪ ਚੁੱਕਾ ਪੰਜਾਂ ਬੱਚਿਆਂ ਦਾ ਬਾਪ ਹੈ — ਤੇ ਉਹ ਮਸਾਂ ਵੀਹ ਕੁ ਵਰ੍ਹਿਆਂ ਦੀ ਹੈ। ਉਸ ਦਾ ਵਿਆਹ ਵੀ ਤਾਂ ਪਿਛਲੀ ਕ੍ਰਿਸਮਿਸ ਵਿਚ ਹੋਇਆ ਸੀ। ਉਹ ਤਾਂ ਆਪਣੀ ਵਿਆਹੁਤਾ ਜ਼ਿੰਦਗੀ ਤੋਂ ਬੜੀ ਪ੍ਰਸੰਨ ਸੀ। ਉਸ ਮੈਨੂੰ ਕਈ ਵਾਰ ਦੱਸਿਆ ਸੀ।"

"ਉਹ ਝੂਠ ਮਾਰਦੀ ਹੋਵੇਗੀ। ਤੈਨੂੰ ਪਤਾ ਹੈ ਨਾ ਕੱਲ ਵਾਲੀ ਪਾਰਟੀ ਦਾ, ਜਿਸ ਵਿਚ ਤੂੰ ਵੀ ਹਾਜ਼ਰ ਸੀ। ਉਹ ਦੋਨੋਂ ਰਾਤੀਂ ਘਰ ਨਹੀਂ ਪੁੱਜੇ।"

"ਤੇਰਾ ਮਤਲਬ ਕਿ ਫੋਰਮੈਨ ਐਲਨ ਕੁੜੀ ਨੂੰ ਉਧਾਲ ਕੇ ਲੈ ਗਿਆ ?"

"ਹਾਂ-ਸਿੰਘ, ਹਾਂ —" ਫੈਕਟਰੀ ਦਾ ਛੋਟਾ ਫੋਰਮੈਨ ਪੀਟਰ ਹੁਬ ਹੁਬਾਕੇ ਦੱਸ ਰਿਹਾ ਸੀ।

ਪੀਟਰ ਇਹ ਗੱਲ ਦੱਸ ਕੇ ਦਫਤਰ ਵਲ ਚਲਾ ਗਿਆ। ਮੈਂ ਉਸ ਦੇ ਹਸਦੇ ਚਿਹਰੇ ਵਿਚੋਂ ਬੀਤੀ ਰਾਤ ਦੀ ਤਸਵੀਰ ਵੇਖ ਰਿਹਾ ਸਾਂ। ਰਾਤ, ਕ੍ਰਿਸਮਿਸ ਈਵ ਵਾਲੀ ਰਾਤ ਬਾਰੇ। ਤੇ ਸੋਚ ਰਿਹਾ ਸਾਂ ਫੈਕਟਰੀ ਦੇ ਅਫਸਰਾਂ ਬਾਰੇ, ਮਜ਼ਦੂਰ ਕੁੜੀਆਂ ਬਾਰੇ, ਬੀਟਲਾਂ ਦੇ ਰੀਕਾਰਡਾਂ ਦੀਆਂ ਉਚੀਆਂ ਧੁੰਨਾਂ ਵਿਚ ਉਨ੍ਹਾਂ ਅਫਸਰ ਤੇ ਮਜ਼ਦੂਰ ਕੁੜੀਆਂ ਦੇ ਇਕ ਦੂਜੇ ਨਾਲ ਹਿਕ ਨਾਲ ਹਿਕ ਲਾ ਕੇ ਨੱਚਣ ਬਾਰੇ; ਵਿਸਕੀ, ਵੋਧਕਾ, ਜਿੰਨ ਬਰਾਂਡੀ ਤੇ ਬੀਅਰ ਬਾਰੇ। ਆਖਰ ਇਕ ਦੂਜੇ ਦੇ ਬੁਲ੍ਹਾਂ ਨੂੰ ਨਿਰੰਤਰ ਚੁੰਮੀ ਜਾਣਾ ਕਿਸ ਮਸਤੀ ਦੇ ਸਮੁੰਦਰ ਵਿਚ ਡੁਬਣ ਦਾ ਸੰਕੇਤ ਸੀ ? ਹਾਸਾ, ਰੌਲਾ-ਰੱਪਾ, ਜਾਮਾਂ ਦਾ ਟਕਰਾਉਣਾ ਕਿਸ ਖੁਸ਼ੀ ਦਾ ਪ੍ਰਗਟਾਵਾ ਸੀ ? ਇਉਂ ਅਜਿਹੇ ਕਈ ਪ੍ਰਸ਼ਨ ਮੇਰੇ ਜ਼ਿਹਨ ਵਿਚੋਂ ਬਿਜਲੀ ਦੇ ਕਰੰਟ ਵਾਂਗੂੰ ਗੁਜ਼ਰਨ ਲੱਗੇ।

ਐਲਨ ਦੇ ਘਰ ਚੰਗੀ ਕ੍ਰਿਸਮਿਸ ਮੰਨੀ।

ਉਸ ਦੇ ਬੱਚੇ ਤੇ ਘਰ ਵਾਲੀ ਤੁਹਫ਼ਿਆਂ ਦੀ ਉਡੀਕ ਕਰਦੇ ਲਾਚਾਰ ਹੋ ਕੇ ਸੁਤੇ ਹੋਣਗੇ। ਕੱਲ੍ਹ ਰਾਤ, ਇਝ ਖੁਸ਼ੀ ਦੇ ਗ਼ਮੀ ਦਾ ਮੁਕਾਬਲਾ ਕਰਦਾ ਮੈਂ ਆਪਣੀ ਬਾਹੋਂ ਖਲੋਤਾ ਸੋਚਾਂ ਹੀ ਸੋਚਾਂ ਵਿਚ ਆਜ਼ਾਦੀ ਤੇ ਸਭਿਅਤਾ ਦੇ ਚੁਰਸਤੇ 'ਤੇ ਜਾ ਖਲੋਤਾ ਸਾਂ। ਸੋਚਦੇ ਸੋਚਦੇ ਸੁਭਾਵਕ ਹੀ ਪੀਟਰ ਤੋਂ ਪੁੱਛਿਆ :

"ਹੁਣ ਕੀ ਬਣੇਗਾ ?"

"ਬਣਨਾ ਕੀ ਹੈ, ਕੁੜੀ ਦਾ ਪਤੀ ਪੁਲੀਸ ਦੇ ਰੀਪੋਰਟ ਦਰਜ ਕਰਵਾਏਗਾ ਤੇ ਤਲਾਕ ਲਵੇਗਾ। ਐਲਨ ਬਹੁਤ ਦੇਰ ਛੁਪ ਕੇ ਨਹੀਂ ਰਹਿ ਸਕਦਾ। ਉਸ ਦਾ ਇਨਸ਼ੋਰੈਂਸ ਕਾਰਡ ਫੈਕਟਰੀ ਵਿਚ ਹੈ, ਉਨ੍ਹਾਂ ਕੋਲ ਥੋੜੇ ਜਿਹੇ ਪੈਸੇ ਹਨ; ਜਦ ਮੁੱਕ ਗਏ ਵਾਪਸ ਆ ਜਾਣਗੇ। ਐਲਨ ਆਪਣੀ ਪਤਨੀ ਤੋਂ ਮੁਆਫ਼ੀ ਮੰਗ ਲਵੇਗਾ। ਹੋ ਸਕਦਾ ਹੈ ਉਹ ਮੁਆਫ ਕਰ ਦੇਵੇ, ਪਰ ਉਸ ਕੁੜੀ ਨੂੰ ਤਲਾਕ ਮਿਲੇਗਾ ... ਤਲਾਕ।"

ਹੁਣ ਉਹ ਅਗੇ ਨਾਲੋਂ ਵੀ ਜ਼ਿਆਦਾ ਖੁਸ਼ ਸੀ — ਤੇ ਖੁਸ਼ੀ ਵਿਚ ਜ਼ਰਾ ਕੁ ਮੂੰਹ ਘੁਮਾ ਕੇ ਬੋਲਿਆ :

"ਦੋਨਾਂ ਨੂੰ ਕੰਮ ਤੋਂ ਸੈਕ।"

"ਤੂੰ ਫੋਰਮੈਨ ਬਣੇਂਗਾ" ਮੈਂ ਝੱਟ ਪਟ ਹਾਜ਼ਰ ਜਵਾਬ ਹੋ ਉਸ ਦੀ ਅੰਦਰਲੀ ਖੁਸ਼ੀ ਨੂੰ ਵਾਚਿਆ। ਉਹ ਖਿੜ ਖਿੜਾ ਕੇ ਹਸਦਾ ਆਪਣਾ ਓਵਰਆਲ ਪਾਉਣ ਲੱਗ ਪਿਆ।

ਮੈਂ ਉਥੇ ਖੜਾ ਦੁੱਧ ਚਿੱਟੇ ਵਾਲਾਂ ਵਾਲੀ ਕੁੜੀ ਬਾਰੇ ਸੁਣ ਕੇ ਅਜੇ ਵੀ ਯਕੀਨ ਨਹੀਂ ਸਾਂ ਕਰ ਰਿਹਾ — ਤੇ ਮੈਨੂੰ ਵਿਸ਼ਵਾਸ਼ ਨਹੀਂ ਸੀ ਆਉਂਦਾ ਕਿ ਉਹ ਅੱਜ ਕੰਮ 'ਤੇ ਨਹੀਂ ਆਏਗੀ। ਮੇਰੀ ਮਸ਼ੀਨ ਦੀ ਸਾਂਝਣ, ਮੇਰੀ ਮਸ਼ੀਨ ਦੀ ਰੌਣਕ, ਮੇਰੀ ਕੀ ਉਹ ਤਾਂ ਸੱਚਮੁਚ ਸਾਰੀ ਫੈਕਟਰੀ ਵਿਚ ਰੌਣਕ ਲਾ ਰੱਖਦੀ ਸੀ। ਹਰ ਇਕ ਨਾਲ ਹੱਸਕੇ ਬੋਲਦੀ, ਠੱਠਾ ਮਖੌਲ ਕਰਦੀ। ਉਸ ਨਾਲ ਕੰਮ ਕਰਦਿਆਂ ਸਮਾਂ ਛਾਲਾਂ ਮਾਰਦਾ ਲੰਘ ਜਾਂਦਾ ਸੀ —

ਮੈਨੂੰ ਯਾਦ ਹੈ ਕਿ ਜਦ ਉਹ ਪਹਿਲੇ ਦਿਨ ਮੇਰੇ ਨਾਲ ਕੰਮ ਕਰਨ ਆਈ ਸੀ ਤਦ ਮੈਂ ਉਸ ਦਾ ਨਾਂ ਪੁਛਣ ਬਾਅਦ ਸੁਆਲ ਕੀਤਾ ਸੀ :

"ਪਤਾ ਜੇ ਪਰਲ (Pearl) ਦਾ ਕੀ ਮਤਲਬ ਹੁੰਦਾ ਹੈ।"

"ਹੀਰਾ" ਉਹ ਝੱਟ ਦੇਣੀ ਬੋਲੀ ਸੀ —

"ਤੂੰ ਵੀ ਹੀਰੇ ਵਰਗੀ ਏਂ, ਤੇਰਾ ਬੜਾ ਪਿਆਰਾ ਨਾਂ ਹੈ।"

"ਥੈਂਕਿਊ, ਥੈਂਕਿਊ" ਕਰਦੀ ਨੇ ਮੇਰਾ ਨਾਉਂ ਪੁੱਛਿਆ ਸੀ।

ਇਵੇਂ ਰੋਜ਼ ਦੀ ਜਾਣ ਪਛਾਣ ਕਾਰਣ ਮੈਂ ਉਸ ਬਾਰੇ ਕਾਫੀ ਕੁਝ ਜਾਨਣ ਲੱਗ ਪਿਆ ਸਾਂ ਤੇ ਉਹ ਮੇਰੇ ਬਾਰੇ। ਉਸ ਦਾ ਹਰ ਰੋਜ਼ ਦੀਆਂ ਗੱਲਾਂ ਵਿਚ ਵਧੇਰਾ ਸਮਾਂ ਆਪਣੇ ਪਤੀ ਦੀ ਤਾਰੀਫ ਵਿਚ ਲਗਦਾ ਉਹ ਬੜੇ ਚਾਅ ਨਾਲ ਮੈਨੂੰ ਹਰ ਘਟਨਾ ਦਸ ਦਿਆ ਕਰਦੀ ਸੀ।

"ਮੈਥੋਂ ਬਿਨਾਂ ਪੱਬ(ਮੈਖਾਨਾ) ਨਹੀਂ ਜਾਂਦਾ। ਉਹ ਕਿਸੇ ਓਪਰੀ ਕੁੜੀ ਨਾਲ ਡਾਨਸ ਨਹੀਂ ਕਰਦਾ, ਸਿਨਮੇ ਵੀ ਮੇਰੇ ਨਾਲ ਜਾਂਦਾ ਹੈ ਉਹ ਬੜਾ ਚੰਗਾ ਹੈ।"

ਮੈਂ ਉਸ ਨੂੰ ਮਜ਼ਾਕ ਨਾਲ ਕਹਿ ਦਿੰਦਾ ਸਾਂ, "ਤੂੰ ਵੀ ਬੜੀ ਚੰਗੀ ਏਂ।"

ਉਹ ਆਪਦੀ ਤਾਰੀਫ ਸੁਣਕੇ ਫੁਲਕੇ ਪਟਾਕਾ ਹੋ ਜਾਂਦੀ। ਉਂਝ ਤਾਂ ਭਾਵੇਂ ਹਰ ਤੀਵੀਂ ਤਾਰੀਫ ਦੀ ਭੁਖੀ ਏ, ਪਰ ਗੋਰੀਆਂ ਤਾਂ ਜੀਉਂਦੀਆਂ ਹੀ ਇਸ ਦੇ ਸਿਰ 'ਤੇ ਹਨ।

ਅੱਠ ਵਜੇ ਦਾ ਘੁਗੂ ਬੋਲਿਆ, ਕਲਾਕ ਰੂਮ ਵਿਚ ਕੱਪੜੇ ਲਾਹ ਕੇ ਕੰਮ ਵਾਲੇ ਕੱਪੜੇ ਪਾਏ ਤੇ ਮਸ਼ੀਨ ਵੱਲ ਨੂੰ ਹੋ ਤੁਰਿਆ। ਸਭ ਜਣੇ ਆਪੋ ਆਪਣੀ ਮਸ਼ੀਨ 'ਤੇ ਪੁਜ ਗਏ ਸਨ। ਹਰ ਇਕ ਨੂੰ ਘਟਨਾ ਦਾ ਪਤਾ ਲੱਗ ਗਿਆ ਸੀ। ਮਾਹੌਲ ਵੇਖਕੇ ਬੇਹਦ ਹੈਰਾਨ ਸਾਂ। ਕਿਸੇ ਦੇ ਵੀ ਬੋਲਾਂ ਵਿਚ ਜ਼ਹਿਰ ਨਹੀਂ ਸੀ। ਕਿਸੇ ਦੀ ਇਜ਼ਤ ਦੀ ਚਰਚਾ ਨਹੀਂ ਸੀ। ਕਿਸੇ ਨੂੰ ਵੀ ਦੋਸ਼ੀ ਨਹੀਂ ਸੀ ਠਹਿਰਾਇਆ ਜਾ ਰਿਹਾ। ਸਭ ਅਣਗੌਲੇ ਹੀ ਖੁਸ਼ੀ ਖੁਸ਼ੀ ਆਪਣੀਆਂ ਮਸ਼ੀਨਾਂ 'ਤੇ ਜਾ ਰਹੇ ਸਨ।

ਮੈਨੂੰ ਆਪਣੇ ਪਿੰਡ ਦੀ ਘਟਨਾ ਯਾਦ ਆਈ, ਜਦ ਗੁਰਦਾਸ ਨੇ ਆਪਣੀ ਭਰਜਾਈ ਨੂੰ ਬੁਰਾ ਭਲਾ ਕਹਿ ਦਿਤਾ ਸੀ। ਭਰਜਾਈ ਨੇ ਆਪਣੇ ਪਤੀ ਸੀਬੇ ਨੂੰ ਦੱਸ ਦਿੱਤਾ ਸੀ। ਸੀਬੇ ਨੇ ਸੁਣਦੇ ਸਾਰ ਹੀ ਬਰਛਾ ਬੜੇ ਰੋਹ ਨਾਲ ਚੁਕਿਆ ਤੇ ਆਪਣੇ ਛੋਟੇ ਵੀਰ ਦੀ ਵੱਖੀ ਵਿਚ ਆਰ ਪਾਰ ਕਰ ਦਿਤਾ ਸੀ, ਤੇ ਉਹ ਥਾਂ 'ਤੇ ਹੀ ਢੇਰੀ ਹੋ ਗਿਆ ਸੀ ...।

ਇਨ੍ਹਾਂ ਖਿਆਲਾਂ ਵਿਚ ਡੁੱਬਾ ਮੈਂ ਆਪਣੀ ਮਸ਼ੀਨ 'ਤੇ ਪੁਜਾ - ਮਸ਼ੀਨ ਚਲਾਈ; ਮੋਲਡ ਵਿਚ ਪਿਨਾਂ ਭਰੀਆਂ, ਮੋਲਡ ਮਸ਼ੀਨ ਰੱਖਕੇ ਮਸ਼ੀਨ ਦਾ ਦਰਵਾਜ਼ਾ ਬੰਦ ਕਰਕੇ ਬਟਨ ਦਬਾ ਦਿਤਾ।

"ਮੌਰਨਿੰਗ"

ਮੌਰਨਿੰਗ ਦੀ ਆਵਾਜ਼ ਨਾਲ ਮੇਰੇ ਖਿਆਲਾਂ ਦੀ ਲੜੀ ਟੁਟੀ ਤੇ ਮੈਂ ਸਿਰ ਚੁਕਕੇ ਵੇਖਿਆ ਤਾਂ ਇਹ 'ਡੌਕ' ਸੀ। ਮੋਟੇ ਤੇ ਮਧਰੇ ਜਿਹੇ ਕਦ ਵਾਲੀ ਹਸੂੰ ਹਸੂੰ ਕਰਦੀ ਡੌਕ — ਸਿਰ ਦੇ ਵਾਲਾਂ ਤੇ ਸਰੀਰਕ ਬਣਤਰ ਵਜੋਂ ਪੰਤਾਲੀ ਕੁ ਵਰ੍ਹਿਆਂ ਦੀ ਜਾਪਦੀ ਸੀ।

ਉਹ ਪਿਨ ਟਾਪਸ ਕੱਟਕੇ ਡਬਿਆਂ ਵਿਚ ਪਾਉਂਦੀ ਰਹੀ। ਮੈਂ ਆਪਣੇ ਆਹਰੇ ਲੱਗਾ ਰਿਹਾ। ਕੰਮ ਕਰਦੇ ਕਰਦੇ ਮੈਨੂੰ ਕਈ ਵਾਰ ਉਸ ਕੁੜੀ ਦਾ ਭੁਲੇਖਾ ਪਿਆ। ਉਸ ਬਾਝੋਂ ਅੱਜ ਮਸ਼ੀਨ ਦਾ ਖੜਾਕ ਵੀ ਮੈਨੂੰ ਆਪਣੇ ਵਾਂਗ ਸੋਗੀ ਜਾਪ ਰਿਹਾ ਸੀ। ਡਿਨਰ ਤੱਕ ਮੈਂ ਚੁੱਪ ਕੰਮ ਕਰਦਾ ਰਿਹਾ। ਡਿਨਰ ਤੋਂ ਬਾਦ ਮੈਂ ਦਿਲ ਦਾ ਭਾਰ ਹੌਲਾ ਕਰਨ ਲਈ ਗੱਲ ਤੋਰੀ :

"ਤੈਨੂੰ ਕੁਝ ਪਤਾ ਲੱਗਾ ?"

"ਹਾਂ, ਇਹ ਚੰਗਾ ਨਹੀਂ ਹੋਇਆ", ਏਨੇ ਸ਼ਬਦ ਕਹਿ ਕੇ ਉਹ ਫਿਰ ਚੁੱਪ ਕਰ ਗਈ।

"ਇਹੋ ਜਿਹੀਆਂ ਕਿੰਨੀਆਂ ਕੁ ਘਟਨਾਵਾਂ ਵਾਪਰਦੀਆਂ ਹਨ ਇਥੇ ?"

"ਬਹੁਤ, ਸਿੰਘ, ਬਹੁਤ। ਮੇਰੀ ਇੰਸਪੈਕਟਰ ਨੂੰ ਜਾਣਦਾ ਏਂ ? ਉਸ ਪਹਿਲਾ ਪਤੀ ਛੱਡ ਦਿਤਾ ਹੈ ਤੇ ਬੱਚੇ ਯਤੀਮਖਾਨੇ ਹਨ, ਉਥੇ ਉਨ੍ਹਾਂ ਦਾ ਖਰਚਾ ਦਿੰਦੀ ਹੈ। ਆਪ ਨਵੇਂ ਬੁਆਏ ਫਰੈਂਡ ਨਾਲ ਉਸ ਦੇ ਫਲੈਟ ਵਿਚ ਰਹਿੰਦੀ ਹੈ। ਔਹ ਪੈਟ ਦਾ ਦੂਜਾ ਵਿਆਹ ਹੈ; ਉਹ ਦੋ ਬੱਚਿਆਂ ਦਾ ਖਰਚਾ ਵੀ ਪਹਿਲੇ ਪਤੀ ਤੋਂ ਲੈਂਦੀ ਹੈ। ਮਾਰਗੋਰਟ ਨੇ ਪਤੀ ਛੱਡ ਦਿਤਾ ਹੈ, ਉਮੀਦ ਹੈ ਤਲਾਕ ਲਵੇਗੀ। ਉਹ ਹੁਣ ਇਕ ਮੈਨੇਜਰ ਮੁੰਡੇ ਨਾਲ ਪਿਆਰ ਕਰਦੀ ਹੈ। ਉਸ ਕੋਲ ਕਾਰ ਹੈ, ਘਰ ਹੈ, ਚੰਗਾ ਪੈਸਾ ਹੈ। ਉਹ ਅਨੰਦ ਕਰੇਗੀ। ਇਵੇਂ ਸ਼ੀਲਾ, ਫਿਲਸ ਡੌਰੀਨ ਬਹੁਤ ਨੇ ਏਥੇ ਏਹੋ ਜਿਹੀਆਂ, ਤੂੰ ਫਿਕਰ ਨਾ ਕਰ।" ਉਸ ਮੇਰੇ ਮੂੰਹ ਵਲ ਵੇਖ ਕੇ ਕਿਹਾ ਤੇ ਝੱਟ ਦੇਣੀ ਆਪਣੇ ਪਰਸ ਵਿਚੋਂ ਦੋ ਤਸਵੀਰਾਂ ਕੱਢ ਮੈਨੂੰ ਵਖਾਉਣ ਲਗ ਪਈ।

"ਵੇਖ ਸਿੰਘ, ਇਹ ਮੇਰਾ ਮੁੰਡਾ ਹੈ, ਆਹ ਮੇਰੀ ਕੁੜੀ ਹੈ। ਦੋਨਾਂ ਦੇ ਵਿਆਹ ਹੋ ਚੁਕੇ ਹਨ, ਪਰ ਮੇਰਾ ਵਿਆਹ ਨਹੀਂ ਹੋਇਆ। ਆਹ ਮੇਰੀ ਮੰਗਣੀ ਦੀ ਮੁੰਦਰੀ ਹੈ, ਈਸਟਰ ਨੂੰ ਮੇਰਾ ਵਿਆਹ ਹੋਵੇਗਾ। ਮੇਰਾ ਬੁਆਏ ਫਰੈਂਡ ਮਸਾਂ ਪੈਂਤੀ ਕੁ ਵਰ੍ਹਿਆਂ ਦਾ ਹੈ, ਮੈਂ ਉਸ ਨਾਲ ਰਹਾਂਗੀ, ਅਨੰਦ ਮਾਣਾਂਗੀ।" ਇਉਂ ਦਸਦੀ ਦੇ ਉਸਦੇ ਚਿਹਰੇ 'ਤੇ ਖੁਸ਼ੀ ਪਸਰ ਗਈ ਸੀ।

ਮੈਂ ਉਸ ਦੇ ਚਿਹਰੇ ਵੱਲ, ਢਲੇ ਹੋਏ ਸਰੀਰ ਵਲ, ਕਦੇ ਉਸ ਦੇ ਮੂੰਹ ਦੀਆਂ ਝੁਰੜੀਆਂ ਵਲ ਤੇ ਉਮਰ ਦੇ ਤਕਾਜ਼ੇ ਵਿਚ ਪਲ ਰਹੀਆਂ ਸੱਧਰਾਂ ਤੇ ਚਾਵਾਂ ਦਾ ਅੰਦਾਜ਼ਾ ਲਾ ਕੇ ਹੈਰਾਨ ਸਾਂ। ਚੁੱਪ ਸਾਂ।

ਪੰਜ ਕੁ ਬੰਦੇ, ਪੰਜਾਹ ਕੁ ਇਸਤਰੀਆਂ ਦੀ ਇਸ ਛੋਟੀ ਜਿਹੀ ਫੈਕਟਰੀ ਵਿਚ ਸਮਾਜ ਦੇ ਪਿੰਡੇ 'ਤੇ ਰਿਸਦੇ ਇਨ੍ਹਾਂ ਸਭ ਜ਼ਖਮਾਂ ਦੀ ਪੀੜ ਮਹਿਸੂਸਦਾ, ਇਨ੍ਹਾਂ ਜ਼ਖਮਾਂ ਦੇ ਦੋਸ਼ੀ ਨੂੰ ਟੋਲ ਰਿਹਾ ਸਾਂ ਤੇ ਮਸ਼ੀਨਾਂ ਦੀ ਗੂੰਜ ਆਪਣੀ ਮਸਤੀ ਵਿਚ ਬੋਲ ਰਹੀ ਸੀ।

## ਗ਼ਜ਼ਲ

—ਸੁਰਿੰਦਰ ਧੰਜਲ

ਰੁੱਤਾਂ ਬਣ ਬਣ ਘਟਦੇ ਮੇਰੇ ਉੱਤੇ ਚਾਰੇ ਪਹਿਰ।
ਰੌਸ਼ਨੀਆਂ ਵਿੱਚ ਜਗਮਗ ਕਰਦਾ ਰਹਿੰਦਾ ਸਾਰਾ ਸ਼ਹਿਰ।
ਕਹੀਆਂ ਸੰਗ ਟਿੱਬਿਆਂ 'ਚੋਂ ਕੱਢੀ, ਸ਼ੀਰੀਂ ਤੱਕ ਨਾ ਪੁੱਜੀ,
ਘਰ ਸਾਰਾ ਹੀ ਰੋੜ੍ਹ ਕੇ ਲੈ ਗਈ ਕੈਸੀ ਚੰਦਰੀ ਨਹਿਰ।
ਮੈਂ ਝੱਲੇ ਮਿਰਗੌਟੇ ਵਾਂਗੂੰ ਲਭਦਾ ਫਿਰਿਆ ਬਾਹਰੋਂ,
ਮੇਰੇ ਅੰਦਰ ਹੀ ਨਚਦੀ ਸੀ, ਜੋ ਕਸਤੂਰੀ ਲਹਿਰ।
ਬੀਅਰ ਵਿਸਕੀ ਦਾਰੂ ਵੰਡਣ ਵਾਲੇ ਕਹਿੰਦੇ ਫਿਰਦੇ,
ਕਮਲੇ ਨੇ ਸੁਕਰਾਤ ਜੋ ਮਰਦੇ, ਪੀ ਕੇ ਸੱਚ ਦਾ ਜ਼ਹਿਰ।
ਚੜ੍ਹਦੇ ਸੂਰਜ ਦੀ ਲਾਲੀ ਤੋਂ, ਡੁਬਦੇ ਦੀ ਲਾਲੀ ਤੱਕ,
ਮਨ 'ਤੇ ਕਾਲੀ ਰਾਤ ਰਹੀ, ਨਾ ਚਮਕੀ ਸਿਖਰ ਦੁਪਹਿਰ।
ਬਹਿਰ ਗ਼ਜ਼ਲ ਦਾ ਠੀਕ ਕਰਦਿਆਂ, ਮਹਾਂ ਕਵੀ ਬਣ ਬੈਠਾ,
ਸਾਰੀ ਉਮਰਾ ਠੀਕ ਨਾ ਹੋਇਆ ਮਨ ਆਪਣੇ ਦਾ ਬਹਿਰ।
ਮਹਿਰਮ ਮਾਰੇ, ਮੈਨੂੰ ਛੱਡਿਆ ਮਰਨ ਵਾਸਤੇ ਖੁੱਲਾ,
ਨਜ਼ਰ-ਇਨਾਇਤ ਇਸ ਨੂੰ ਆਖਾਂ ਜਾਂ ਓਡਾ ਹੀ ਕਹਿਰ।


NORTH AMERICAN LIFE ASSURANCE COMPANY

NORTH AMERICAN LIFE



- Life Insurance
- Mortgage Insurance
- Children's educational Plans
- R R S P

Malkiat Mutti
representative
320, 815 West Hastings St.
Vancouver, B.C. V6C 2W1

Bus. 685-9335
Res. 522-7167


### 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

### SUBSCRIPTION FORM

To The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name.......................................................
Address....................................................
City.......................................................
Province...................................................
Postal code................................................
PHONE.

| | |
|---|---|
| One Year .................. | 25 dollars |
| Two Year .................. | 45 dollars |
| Three year ................ | 65 dollars |
| Life membership.......... | 300 dollars |
| ASIA.......................... | 100 dollars[a year] |
| U.S.A. ....................... | 30 dollars [a year] |
| Europe ....................... | 100 dollars[a year] |
| Africa ........................ | 100 dollars [a year] |

# ਹਰਕੇਵਲ ਸਿੰਘ ਕੇਵਲ ਅਤੇ ਅਵਤਾਰ ਸਾਦਿਕ

—ਦਰਸ਼ਨ ਗਿੱਲ—



ਹਰਕੇਵਲ ਸਿੰਘ ਕੇਵਲ ਅਤੇ ਅਵਤਾਰ ਸਾਦਿਕ ਦੋਵੇਂ ਅਜਿਹੇ ਸਾਹਿਤਕਾਰ ਹਨ ਜੋ ਇੰਗਲੈਂਡ ਦੇ ਸਾਹਿਤਕਾਰ ਕਰਕੇ ਜਾਣੇ ਜਾਂਦੇ ਹਨ ਬੇਸ਼ਕ ਇਸ ਸਮੇਂ ਕੇਵਲ ਹੋਰੀਂ ਭਾਰਤ ਵਿਚ ਜਲੰਧਰ ਛਾਉਣੀ ਦੇ ਇਕ ਹਾਈ ਸਕੂਲ ਵਿਚ ਹੈਡਮਾਸਟਰ ਹਨ ਅਤੇ ਸਾਦਿਕ ਹੋਰੀਂ ਇੰਗਲੈਂਡ ਵਿਚ ਰੀਜਨਲ ਇੰਪਲਾਇਮੈਂਟ ਆਫੀਸਰ ਦੇ ਤੌਰ ਉਤੇ ਕੰਮ ਕਰ ਰਹੇ ਹਨ।

ਕੇਵਲ ਤੇ ਸਾਦਿਕ ਦੋਵੇਂ ਨਿੱਜੀ ਤੌਰ ਤੇ ਡੂੰਘੇ ਦੋਸਤ ਹੋਣ ਦੇ ਨਾਲ ਨਾਲ ਇਕੋ ਵਿਚਾਰਧਾਰਾ ਨਾਲ ਪਰਨਾਏ ਹੋਏ ਸਾਹਿਤਕਾਰ ਹਨ - ਇਹ ਉਹ ਵਿਚਾਰਧਾਰਾ ਹੈ ਜੋ ਜ਼ੁਲਮ ਦੇ ਵਿਰੁੱਧ ਲੜਦੀ ਹੈ ਤੇ ਮਜ਼ਲੂਮ ਦੀ ਰਾਖੀ ਕਰਦੀ ਹੈ ਇਸੇ ਵਿਚਾਰਧਾਰਾ ਦੀਆਂ ਲਖਾਇਕ ਤਿੰਨ ਪੁਸਤਕਾਂ ਕੇਵਲ ਹੋਰਾਂ ਨੇ ਕਵਿਤਾ ਦੇ ਰੂਪ ਵਿਚ ਪੰਜਾਬੀ ਸਾਹਿਤ ਨੂੰ ਦਿਤੀਆਂ ਹਨ ਜਿਨ੍ਹਾਂ ਵਿਚ 'ਨਾਗਾਂ ਦੀ ਜੂਹ'(1968-69), 'ਪੱਥਰ ਦੇ ਫੁੱਲ'(71-72), 'ਚਾਨਣ ਤੇ ਕਾਲਖ(80) ਹਨ ਅਤੇ ਛਪਣ ਲਈ ਤਿਆਰ ਮਹਾਂ-ਕਾਵਿ 'ਫਰਹਾਦ' ਤੇ ਕਵਿਤਾਵਾਂ ਦੀ ਪੁਸਤਕ 'ਤੀਜਾ ਨੇਤਰ' ਹਨ। ਸਾਦਿਕ ਹੋਰਾਂ ਦੀਆਂ ਚਾਰ ਪੁਸਤਕਾਂ ਜਿਨ੍ਹਾਂ ਵਿਚ ਕਾਵਿ-ਸੰਗ੍ਰਹਿ 'ਮੁੜ੍ਹਕੇ ਦੇ ਮੋਤੀ' (1972) ਤੇ 'ਕਿਰਨਾਂ ਦੀ ਚਮਕ' (1984) ਤੇ ਦੋ ਕਹਾਣੀਆਂ ਦੀਆਂ ਪੁਸਤਕਾਂ 'ਕੁੱਤੇ ਵਾਲਾ ਗੋਰਾ' (1974) ਅਤੇ 'ਚਿਮਨੀਆਂ ਦੀ ਛਾਵੇਂ' (1979) ਹਨ।

ਕੇਵਲ ਤੇ ਸਾਦਿਕ ਦੋਵੇਂ ਪ੍ਰਗਤੀਵਾਦ ਦਾ ਝੰਡਾ ਲੈ ਕੇ ਸੱਠਵਿਆਂ ਵਿਚ ਇੰਗਲੈਂਡ ਪਹੁੰਚੇ। 1964-65 ਵਿਚ ਇਨ੍ਹਾਂ ਦੋਵਾਂ ਨੇ ਰਘਬੀਰ ਢੰਡ, ਨਿਰੰਜਨ ਸਿੰਘ ਨੂਰ, ਸੰਤੋਖ ਸਿੰਘ ਸੰਤੋਖ, ਸਵਰਨ ਚੰਦਨ ਅਤੇ ਗੁਰਨਾਮ ਢਿਲੋਂ ਨਾਲ ਰਲ ਕੇ ਪ੍ਰਗਤੀਸ਼ੀਲ ਲਿਖਾਰੀ ਸਭਾ ਯੂ. ਕੇ. ਦੀ ਨੀਂਹ ਧਰੀ। ਇਹ ਦੋਵੇਂ ਇਸ ਸਾਹਿਤਕ ਸਭਾ ਦੇ ਫਾਊਂਡਰ ਮੈਂਬਰ ਹਨ। ਸਾਦਿਕ ਹੋਰੀਂ 1964-76 ਤੱਕ ਪ੍ਰਗਤੀਸ਼ੀਲ ਲਿਖਾਰੀ ਸਭਾ ਦੇ ਕੌਮੀ ਜਨਰਲ ਸਕੱਤਰ ਰਹੇ। ਕੇਵਲ ਹੋਰੀਂ ਕਾਫੀ ਦੇਰ ਮੀਤ-ਪ੍ਰਧਾਨ ਵਜੋਂ ਕੰਮ ਕਰਕੇ ਇਸ ਸਭਾ ਨੂੰ ਚੜ੍ਹਦੀਆਂ ਕਲਾਂ ਵਿਚ ਲਿਜਾਣ ਲਈ ਤਤਪਰ ਰਹੇ। ਇਹ ਸਭਾ ਬਦੇਸ਼ਾਂ ਵਿਚ ਪਹਿਲੀ ਅਜਿਹੀ ਸਭਾ ਹੈ ਜਿਸਨੇ ਪੰਜਾਬੀ ਸਾਹਿਤ ਦੀ ਉਨਤੀ ਲਈ ਬੇਪਨਾਹ ਕੰਮ ਕੀਤਾ ਹੈ।

ਸਭਿਆਚਾਰਕ ਫਰੰਟ ਉਤੇ ਕੇਵਲ ਅਤੇ ਸਾਦਿਕ ਦੋਵੇਂ ਪੰਜਾਬੀ ਸਭਿਆਚਾਰ ਦੇ ਸ਼ੈਦਾਈ ਹੋਣ ਦੇ ਨਾਤੇ ਪਹਿਲੇ ਵਿਅਕਤੀ ਹਨ ਜਿਨ੍ਹਾਂ ਪੰਜਾਬੀ ਲੋਕ-ਨਾਚ ਭੰਗੜਾ ਦੀ ਟੀਮ ਸਤੰਬਰ 1965 ਵਿਚ ਇੰਗਲੈਂਡ ਵਿਚ ਖੜ੍ਹੀ ਕੀਤੀ ਅਤੇ ਸਟੇਜ ਦਾ ਸ਼ਿੰਗਾਰ ਬਣਾਈ। ਇਨ੍ਹਾਂ ਦੋਵਾਂ ਸੱਜਣਾਂ ਦਾ ਯੋਗਦਾਨ ਕੇਵਲ ਸਾਹਿਤਕ ਤੇ ਸਭਿਆਚਾਰਕ ਫਰੰਟ ਤੱਕ ਹੀ ਸੀਮਤ ਨਾ ਰਿਹਾ ਸਗੋਂ ਸਾਦਿਕ ਹੋਰੀਂ 1964 ਵਿਚ ਭਾਰਤੀ ਮਜ਼ਦੂਰ ਸਭਾ, ਗਰੇਟ ਬ੍ਰਿਟਿਨ ਦੇ ਐਕਟਿਵ ਮੈਂਬਰ ਬਣਨ ਉਪਰੰਤ ਅੱਜ ਕੱਲ੍ਹ ਇਸ ਸਭਾ ਦੇ ਨੈਸ਼ਨਲ ਜਨਰਲ ਸਕੱਤਰ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਨਿਭਾ ਰਹੇ ਹਨ ਅਤੇ ਇੰਗਲੈਂਡ ਦੀ ਮਜ਼ਦੂਰਾਂ ਦੇ ਸਭ ਤੋਂ ਵੱਡੀ ਜਥੇਬੰਦੀ ਦੇ ਆਗੂਆਂ ਵਿਚੋਂ ਹਨ। ਇਸੇ ਤਰ੍ਹਾਂ ਕੇਵਲ ਹੋਰੀਂ 1967 ਤੋਂ ਹੀ ਇਸ ਸਭਾ ਨਾਲ ਸਬੰਧਤ ਰਹੇ ਹਨ ਅਤੇ 1973 ਤੋਂ ਭਾਰਤ ਪਰਤ ਕੇ ਵੀ ਤਹਿਸੀਲ ਅਤੇ ਜ਼ਿਲਾ ਪੱਧਰ ਉਤੇ ਮਜ਼ਦੂਰ ਸੰਗਠਨਾਂ ਨਾਲ ਕੰਮ ਕਰ ਰਹੇ ਹਨ ਅਤੇ ਕਿਸਾਨ ਕਮੇਟੀ ਜਲੰਧਰ ਦੇ ਜਨਰਲ ਸਕੱਤਰ ਰਹੇ ਹਨ।

ਉਪਰੋਕਤ ਜਥੇਬੰਦੀਆਂ ਦੇ ਮੈਂਬਰ ਹੁੰਦਿਆਂ ਇਨ੍ਹਾਂ ਦੋਵਾਂ ਸਾਹਿਤਕਾਰਾਂ ਨੇ 1975 ਦੇ ਭਾਰਤੀ ਐਮਰਜੈਂਸੀ ਦੇ ਕਾਲੇ ਦਿਨਾਂ ਵਿਰੁੱਧ ਆਪਣੀ ਆਵਾਜ਼ ਬੁਲੰਦ ਕੀਤੀ ਅਤੇ ਕੇਵਲ ਹੋਰਾਂ ਨੇ ਇਕ ਲੰਮੀ ਨਜ਼ਮ 'ਵਰਮੀ' ਉਨ੍ਹਾਂ ਦਿਨਾਂ ਵਿਚ ਲਿਖੀ ਜਿਸਦੇ ਬੋਲ ਹਨ:

'ਆਓ ਕੋਈ ਇਹਨੂੰ ਸਮਝਾਵੇ
ਆਖੇ ਖੇਡ ਇਹ ਬੰਦ ਕਰ ਦੇਵੇ
ਹਿੰਸਾ ਦਾ ਡੌਰੂ ਖੜਕਾ ਕੇ
ਖੂਨ ਮੌਤ ਦੇ ਸੋਹਲੇ ਗਾ ਕੇ
ਹੱਡੀਆਂ ਦਾ ਆਟਾ ਪੀਹ ਕੇ
ਖੋਪਰੀਆਂ ਤੇ ਵੱਟ ਸੇਵੀਆਂ
ਹੋਰ ਨਾ ਗੁੱਗਾ ਪੂਜੇ
ਜੇ ਮੈਨੂੰ ਹੈ ਹੱਕ ਜਿਉਣ ਦਾ
ਤਾਂ ਪਹਿਲਾਂ ਹੈ ਦੂਜੇ !'

ਇਸੇ ਤਰ੍ਹਾਂ ਸਾਦਿਕ ਹੋਰਾਂ ਪਿਛਲੇ ਦੋ ਸਾਲਾਂ ਤੋਂ ਜਨੂੰਨੀ ਹਵਾਵਾਂ ਵਿਰੁੱਧ ਲਗਾਤਾਰ ਘੋਲ ਕੀਤਾ ਹੈ ਅਤੇ ਅਪ੍ਰੈਲ 1985 ਤੋਂ ਇੰਗਲੈਂਡ ਤੋਂ 'ਲੋਕਤਾ' ਨਾਂ ਦਾ ਮਾਸਕ ਪੱਤਰ ਚਾਲੂ ਕਰਕੇ ਜਨੂੰਨੀਆਂ ਦੇ ਕਾਲੇ ਮਨਸੂਬਿਆਂ ਨੂੰ ਕੇਵਲ ਨੰਗਿਆਂ ਹੀ ਨਹੀਂ ਕੀਤਾ ਸਗੋਂ ਸਾਮਰਾਜੀ ਦੇਸ਼ਾਂ ਵਲੋਂ ਜਨੂੰਨੀਆਂ ਦੀ ਮੱਦਦ ਕਰਕੇ ਦੇਸ਼ ਦੀ ਏਕਤਾ ਨੂੰ ਲੀਰੋ ਲੀਰ ਕਰਨ ਦੇ ਯਤਨਾਂ ਦੀ ਭਰਪੂਰ ਨਿਖੇਧੀ 'ਲੋਕਤਾ' ਪਰਚੇ ਰਾਹੀਂ ਕੀਤੀ ਹੈ।

ਅਸੀਂ ਸਮਝਦੇ ਹਾਂ ਕਿ ਇਨ੍ਹਾਂ ਦੋਵਾਂ ਸਾਹਿਤਕਾਰਾਂ ਨੂੰ 1965 ਤੋਂ ਪੰਜਾਬੀ ਦੇ ਮਹਿਬੂਬ ਸ਼ਾਇਰ ਬਾਵਾ ਬਲਵੰਤ ਦੇ ਸੰਪਰਕ ਨੇ ਅਗਵਾਈ ਦੇ ਕੇ ਲੋਕਾਈ ਖ਼ਾਤਰ ਜੂਝਣ ਦਾ ਜੋ ਪੈਗ਼ਾਮ ਦਿਤਾ ਸੀ, ਇਹ ਦੋਵੇਂ ਸਾਹਿਤਕਾਰ ਉਸ ਪੈਗ਼ਾਮ ਨੂੰ ਲਿਖਤਾਂ ਰਾਹੀਂ ਮਨੁੱਖਤਾ ਦੇ ਕਲਿਆਣ ਲਈ ਵਰਤ ਰਹੇ ਹਨ। ਸਾਦਿਕ ਦੀ ਕਵਿਤਾ ਕਹਿੰਦੀ ਹੈ:

"ਕਲਮਕਾਰੋ ! ਦੁੱਧ ਚਿੱਟੇ ਕਾਗਜ਼ਾਂ ਵਿਚ
ਸੰਦਲੀ ਮਹਿਕ ਦਾ ਜਾਦੂ ਭਰੋ।
ਨਾ ਕਰੋ, ਲੇਖਾਂ ਦੇ ਗ਼ਮ, ਕਾਲੇ ਨਾ ਕਰੋ
ਜ਼ਿੰਦਗੀ ਵਿਚ ਜਿਉਣ ਜੋਗਾ ਦਮ ਭਰੋ !"

ਪਰ 'ਕਲਾ ਕਲਾ ਲਈ' ਦੇ ਪੁਜਾਰੀਆਂ ਲਈ ਸਾਦਿਕ ਵੰਗਾਰ ਬਣਦਾ ਹੈ:

'ਸਿਰ ਕਲਮ ਕਰਾਂ ਉਨ੍ਹਾਂ ਕਲਮਾਂ ਦੇ
ਜੋ ਲਿਖ ਨਾ ਸਕਣ ਮਜ਼ਲੂਮਾਂ ਲਈ
ਇਸ ਖੂਨ ਦੀ ਭਿੱਜੀ ਚੰਡੀ ਨੂੰ
ਜ਼ਰਾ ਜ਼ੁਲਮ ਦਾ ਸੀਨਾ ਫੋਲਣ ਦੇ।'

ਇਸੇ ਤਰ੍ਹਾਂ ਕੇਵਲ ਦੀ ਕਵਿਤਾ ਇਹ ਸੰਦੇਸ਼ ਦਿੰਦੀ ਹੈ:

'ਓ ਵਤਨ ਦੇ ਆਸ਼ਕੋ
ਓ ਮਹਿਰਮੋ, ਓ ਦਰਦੀਓ
ਅੱਜ ਵਤਨ ਨੂੰ ਫੇਰ ਇਕ
ਅਹਿਲੇ ਕਲਮ ਦੀ ਲੋੜ ਹੈ !
ਲੋੜ ਹੈ ਇਕ ਦਰਦ ਭਿੰਨੇ
ਬੋਲ ਦੀ ਦਿਲਗੀਰ ਨੂੰ
ਲੋੜ ਹੈ ਮੁੜ ਕੇ ਲਿਖੇ ਜੋ
ਦੇਸ਼ ਦੀ ਤਕਦੀਰ ਨੂੰ !'

---

ਸਮੁੰਦਰ ਨੇ ਹਰਿਕ ਥਾਂ ਤੇ
ਸਮੁੰਦਰ ਵਾਂਗ ਰਹਿਣਾ ਹੈ
ਤੇ ਮਿੱਟੀ ਨੇ ਹਰਿਕ ਥਾਂ ਤੇ
ਮਨੁੱਖ ਤੇ ਹਾਵੀ ਰਹਿਣਾ ਹੈ।

ਨੀ ਮੇਰੇ ਘਰ ਦੀਏ ਮਿੱਟੀਏ
ਮਿਰੇ ਸੂਬੇ ਦੀਏ ਮਿੱਟੀਏ
ਵਤਨ ਮੇਰੇ ਦੀਏ ਮਿੱਟੀਏ ‘
ਮੈਂ ਤੈਨੂੰ ਸਿਰਫ਼ ਹੁਣ ਇਕੋ
ਇਹੋ ਹੀ ਗੱਲ ਕਹਿਣੀ ਹੈ
ਮੈਂ ਕਿਧਰੇ ਵੀ ਚਲਾ ਜਾਵਾਂ
ਤੇਰੀ ਖ਼ੁਸਬੂ ਮਿਰੇ ਸਾਹਾਂ 'ਚ
ਪਹਿਲਾਂ ਵਾਂਗ ਰਹਿਣੀ ਹੈ
ਹਾਂ ਪਹਿਲਾਂ ਵਾਂਗ ਰਹਿਣੀ ਹੈ।

ਅਮਰੀਕ ਡੋਗਰਾ

---


## ਆਪਣੇ ਵਪਾਰ ਵਿਚ ਵਾਧੇ ਲਈ 'ਕੈਨੇਡਾ ਦਰਪਣ'
## ਨੂੰ ਫੋਨ ਕਰੋ :
## 581-4473
(ਦਫਤਰ ਦਾ ਸਮਾਂ 10.00 ਤੋਂ 5.30 ਵਜੇ ਤੱਕ)


---

—ਅਜਾਇਬ ਚਿਤ੍ਰਕਾਰ

ਮੈਂ ਵਾਰ ਵਾਰ ਵਰਜਿਆ, ਕਿੰਨਾਂ ਮੈਂ ਹੋੜਿਆ ¡
ਉਹ ਕਿੰਨਾ ਢੀਠ ਹੋ ਗਿਆ, ਮੁੜਦਾ ਨਾ ਮੋੜਿਆ।
ਪੱਥਰ ਦੇ ਨਾਲ ਕੀ ਭਲਾ, ਸ਼ੀਸ਼ੇ ਦੀ ਦੋਸਤੀ,
ਇਹ ਹੈ ਹਮੇਸ਼ ਟੁੱਟਿਆ, ਉਸ ਨੇ ਹੈ ਤੋੜਿਆ।
ਅੰਗਿਆਰ ਨਾਲ ਖੇਡਦੈਂ, ਕੀ ਜਾਣਦਾ ਏਂ ਤੂੰ,
ਅੰਜਾਮ ਕੀ ਹੈ ਏਸਦਾ, ਰੂਈ ਦੇ ਗੋਹੜਿਆ ?
ਸੀਨਾ ਸਿਤਮ ਦਾ ਛੇਕ, ਆ ਮੇਰੀ ਗੁਲੇਲ ਤੇ
ਮੇਰੇ ਹੀ ਵਾਂਗ ਮਿੱਟੀ 'ਚ ਰੁਲਦੇ ਓ ਰੋੜਿਆ।
ਸ਼ੀਸ਼ਾ ਦਿਲ ਦਾ ਟੁਟਿਆ ਦਿਸਦੀ ਤਰੇੜ ਹੈ,
ਲੱਖ ਜੋੜ ਜੋੜ ਰੱਖਿਆ ਜੁੜਦਾ ਨਾ ਜੋੜਿਆ।


## ਲੋੜ ਹੈ !

ਹਾਊਸਕੀਪਰਾਂ ਦੀ ਸਾਨੂੰ ਲੋੜ ਹੈ। ਰਿਹਾਇਸ ਦਾ ਪ੍ਰਬੰਧ ਵੀ ਹੋ ਸਕਦਾ ਹੈ ਜਾਂ ਜੇ ਕੋਈ ਬਾਹਰ ਰਹਿਣਾ ਚਾਹੇ ਤਾਂ ਵੀ ਸਰ ਸਕਦਾ ਹੈ। ਬੱਚਿਆਂ ਦੀ ਦੇਖਭਾਲ ਲਈ ਬੇਬੀ ਸਿਟਰਾਂ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਫ਼ੋਨ ਕਰੋ ਜਾਂ ਹੇਠ ਲਿਖੇ ਪਤੇ ਉਤੇ ਲਿਖੋ:

**Jewel Home Makers**
**216 E. 50th Ave.(Main & 50th)**
**Vancouver, B.C.**
**PH. 325-0220 or 325-9610**



Radio Program
**Sabrung**
شہر میں اپنی نوعیت کا واحد
FOR THE SOUTH ASIAN COMMUNITY
RADIO PROGRAM
Music from Bangladesh, Fiji, India, Pakistan & West together with weekend report, interviews, and much more. . .
Producer and host: Irfan Ali.
(415) 928-1650
SUNDAYS 10-12 NOON
KUSF 90.3 FM
Broadcast from San Francisco, California





## Main Street Clothing Manufacturer
# SAVE ON CLOTHING
## You've Never Seen Prices in B.C. Like This Before
## TWO LOCATIONS

3293 Main St. (at 17th Ave.)
Vancouver, B.C. V5V 3M6
Ph. 872-3121

9377 - 120th St.
Scott Rd. & 93rd Ave.)
DELTA, B.C. V4C 6R9

*This coupon is worth:*
$ 2.00 OFF
on the purchase of any dress over $10.00

# ਕੀ ਇਹ ਸੰਭਵ ਹੋ ਸਕਦਾ ਹੈ

**ਰਾਮ ਸਿੰਘ ਢਿੱਲੋਂ (ਗੋਰਾਇਆ) ਸਰੀ**

ਜਦ ਸਾਡਾ ਕੋਈ ਬੱਚਾ ਆਪਣੀ ਮਰਜ਼ੀ ਮੁਜਬ ਕਿਸੇ ਗੈਰ ਕੌਮੀ ਸਾਥੀ ਨਾਲ ਸਾਡੀ ਮਰਜ਼ੀ ਦੇ ਉਲਟ ਵਿਆਹ ਕਰ ਲੈਂਦਾ ਹੈ ਤਾਂ ਅਸੀਂ ਇਹ ਆਪਣੀ ਸਭ ਤੋਂ ਵੱਡੀ ਹਾਨੀ ਸਮਝਦੇ ਹੋਏ ਮਾਨਸਿਕ ਸੱਟ ਤੇ ਸ਼ਰਮ ਮਹਿਸੂਸ ਕਰਦੇ ਹਾਂ। ਜਿਹੜਾ ਭਾਣਾ ਭਾਈਚਾਰਕ ਰਿਵਾਜ ਤੋਂ ਉਲਟ ਵਰਤਦਾ ਹੈ ਉਹ ਬੜਾ ਦੁਖਦਾਇਕ ਜਾਪਦਾ ਹੈ ਪਰ ਹੌਲੀ ਹੌਲੀ ਚੂੰਕਿ ਏਹੋ ਜਿਹੇ ਕੰਮ ਆਮ ਹੁੰਦੇ ਜਾ ਰਹੇ ਹਨ, ਅਜ ਲਗੀ ਸੱਟ ਕਾਫੀ ਘਟ ਰੜਕਦੀ ਜਾਪਦੀ ਹੈ ਤੇ ਅਗਲੀ ਪੀੜ੍ਹੀ ਤਕ ਜਾਪਦਾ ਇਹ ਬਿਲਕੁਲ ਹੀ ਰੜਕਣੋਂ ਹਟ ਜਾਵੇਗੀ। ਬਾਵਜੂਦ ਏਹੋ ਜੇਹੀ ਮਾਨਸਿਕ ਸੱਟ ਦੇ ਕੋਈ ਐਥੋਂ ਵਾਪਸ ਜਨਮ-ਭੂਮੀ ਜਾ ਕੇ ਵਸਣਾ ਸਵੀਕਾਰ ਨਹੀਂ ਕਰਦਾ, ਕਿਉਂਕਿ ਏਸ ਸੱਟ ਦੇ ਮੁਕਾਬਲੇ ਐਸ ਨਵੇਂ ਅਪਣਾਏ ਦੇਸ਼ ਦੇ ਸਵਰਗੀ ਸੁਖ -ਲਾਭ ਕਈ ਗੁਣਾਂ ਵਧੇਰੇ ਹਨ। ਹੁਣੇ ਹੁਣੇ ਇਕ ਇੰਗਲਸ਼ ਪੇਪਰ 'ਚ ਉਥੋਂ ਦੇ ਵੱਢੀ-ਖੋਰਾਂ ਤੇ ਹਰਾਮ-ਖੋਰਾਂ ਦੇ ਪਏ ਛਾਪਿਆਂ ਬਾਰੇ ਪੜ੍ਹਿਆ ਤਾਂ ਮੱਲੋ ਮੱਲੀ ਮੂੰਹੋਂ ਨਿਕਲਿਆ, "ਕੀ ਸਾਡੀ ਓਹ ਜਨਮੀ ਭੂਮੀ ਵੀ ਜ਼ਿੰਦਗੀ ਜੀਉਣ ਦੇ ਕਾਬਲ ਹੋ ਜਾਵੇਗੀ ?" ਜਨਮ ਜਨਮਾਂਤ੍ਰਾਂ ਤੋਂ ਬੰਦਾ, ਧੰਨ-ਦੌਲਤ, ਸਿਹਤ, ਔਲਾਦ, ਸੋਹਣੇ ਘਰ ਤੇ ਸਵਰਗ-ਪ੍ਰਾਪਤੀ ਲਈ ਅਰਦਾਸਾਂ ਕਰਦਾ ਆ ਰਿਹਾ ਹੈ ਪਰ ਬੰਦੇ ਦੀ ਹੋਰ ਪ੍ਰਾਪਤੀ ਭੁਖ ਬਦਸਤੂਰ ਜਾਰੀ ਹੈ ਤੇ ਜਾਰੀ ਹੀ ਰਹੇਗੀ। ਭਲਾ ਜੇ ਐਸ ਸਵਰਗੀ ਦੇਸ਼ ਬੈਠੇ ਅਸੀਂ ਆਪਣੀ ਜਨਮ ਭੂਮੀ ਲਈ "ਐਥੋਂ ਵਰਗੀ ਜ਼ਿੰਦਗੀ" ਦੀਆਂ ਅਰਦਾਸਾਂ ਕਰੀਏ ਤਾਂ ਕੋਈ ਗੈਰ-ਵਾਜਿਬ ਤੇ ਨਹੀਂ ਆਖਣਾ ਚਾਹੀਦਾ? ਜਿਹੜਾ ਵੀ ਆਗੂ ਉਥੋਂ ਦੇ ਭ੍ਰਿਸ਼ਟਾਚਾਰ ਨੂੰ ਖਤਮ ਕਰ ਉਥੋਂ ਦੇ ਜੀਵਨ ਵਿਚ ਸੁਧਾਰ ਲਿਆ ਸਕੇਗਾ, ਓਹ ਮਸੀਹਾ ਅਖਵਾਉਣ ਦਾ ਹੱਕਦਾਰ ਹੋ ਸਕਦਾ ਹੈ। ਇਹ ਕੁਝ ਹੋ ਸਕੇਗਾ ਜਾਂ ਨਾ ਜਾਂ ਕਦੋਂ ? ਇਹ ਤੇ ਸਮਾਂ ਹੀ ਦੱਸੇਗਾ —

ਬੈਂਕ ਮੈਨੇਜਰਾਂ ਅਤੇ ਅਧਿਕ ਅਧਿਕਾਰਾਂ ਵਾਲੇ ਸੁਰੱਖਿਅਤ ਇੰਡੀਅਨ ਸਿਵਲ ਸਰਵਿਸ ਅਫਸਰਾਂ ਦੇ ਘਰੀਂ ਤੇ ਦਫਤਰੀਂ, ਸੈਂਟਰਲ ਖੁਫੀਆ ਮਹਿਕਮੇ ਦੇ ਅਚਾਨਕ ਪਏ ਭਾਰੀ ਛਾਪਿਆਂ ਨੇ ਹਰ ਕਿਸੇ ਨੂੰ ਹੈਰਾਨ ਕਰ ਦਿਤਾ। ਇਹ ਛਾਪੇ ਸਰਕਾਰੀ ਅਤੇ ਨੀਮ ਸਰਕਾਰੀ ਅਦਾਰਿਆਂ ਦੇ ਚੋਟੀ ਦੇ ਅਫਸਰਾਂ ਦੇ ਵੱਜਣ ਉਪਰੰਤ ਉਨ੍ਹਾਂ ਪ੍ਰੈਸ ਵਾਲਿਆਂ ਨੂੰ ਇਨ੍ਹਾਂ ਦਾ ਵੇਰਵਾ ਬੜੇ ਸਵਾਦਲੇ ਢੰਗ ਨਾਲ ਦਿਤਾ। ਖੁਫੀਆ ਵਿਭਾਗ ਨੇ ਦੇਸ਼ ਦੇ 19 ਸ਼ਹਿਰਾਂ ਵਿਚ 30 ਅਫਸਰਾਂ ਦੇ ਘਰੀਂ ਛਾਪੇ ਮਾਰੇ, ਜਿਨ੍ਹਾਂ ਵਿਚ ਇਕ ਆਈ. ਏ. ਐਸ. (ਇੰਡੀਅਨ ਐਡਮਨਿਸਟਰੇਸ਼ਨ ਸਰਵਿਸ ਬੜੀ ਉਚਯ ਪਦਵੀ) ਦੂਰ ਦਰਸ਼ਨ ਦਾ ਇਕ ਪ੍ਰੋਗਰਾਮ ਡਾਇਰੈਕਟਰ, ਇਕ ਦਰਜਨ ਤੋਂ ਵੱਧ ਬੈਂਕ ਮੈਨੇਜਰ ਅਤੇ ਪਬਲਿਕ ਸੈਕਟਰ ਆਰਗਨਾਈਜ਼ੇਸ਼ਨਾਂ ਸ਼ਾਮਿਲ ਹਨ। ਇਕ ਖੁਫੀਆ ਅਧਿਕਾਰੀ ਦੇ ਦੱਸਣ ਮੁਜਬ, ਪਿਛਲੇ ਪੰਦਰਵਾੜੇ ਜਦ ਕਿ ਹਾਲੇ ਛਾਪੇ ਜਾਰੀ ਸਨ, ਢਾਈ ਕਰੋੜ ਦੀ ਚੋਰ ਸੰਪਤੀ (ਕਾਲਾ ਧਨ) ਹੱਥ ਆਈ ਅਤੇ ਇਸਤੋਂ ਇਲਾਵਾ ਪੰਜਾਹ ਕੋਰੜ ਰੁਪਏ ਦੇ ਘਪਲਾ ਧਨ ਦਾ ਅੰਦਾਜ਼ਾ ਹੈ। ਅਧਿਕਾਰੀ ਕਹਿੰਦਾ, ਸਾਨੂੰ ਪਹਿਲਾਂ ਕਦੀ ਅਫਸਰਾਂ ਦੇ ਮਾਰੇ ਛਾਪਿਆਂ 'ਚ ਏਨੀ ਕਾਮਯਾਬੀ ਨਹੀਂ ਸੀ ਹੋਈ। ਇਸਤੋਂ ਪਰਤੱਖ ਜ਼ਾਹਰ ਹੈ ਕਿ ਖੁਦ ਸਰਕਾਰੀ ਕਰਮਚਾਰੀਆਂ ਕਾਲਾ ਧਨ ਕਮਾਊ ਪੀੜ੍ਹੀ ਵਿਚ ਚੋਖਾ ਯੋਗਦਾਨ ਪਾਇਆ ਹੈ ਭਾਵ ਵਾੜ ਖੇਤ ਨੂੰ ਖਾਂਦੀ ਰਹੀ ਹੈ।

ਅਸਲ ਵਿਚ ਖੁਫੀਆ ਵਿਭਾਗ ਨੇ ਪਿਛਲੇ ਤਿੰਨਾ ਮਹੀਨਿਆਂ ਵਿਚ 83 ਸਰਕਾਰੀ ਅਫਸਰਾਂ ਦੇ ਖਿਲਾਫ, ਜਿਨ੍ਹਾਂ ਵਿਚ ਤਿੰਨ ਆਈ. ਏ. ਐਸ. ਅਫਸਰ ਕਮਿਸ਼ਨ ਸ਼ਾਮਿਲ ਹਨ ਮੁਕੱਦਮੇ ਕਰਕੇ ਇਕ ਰੀਕਾਰਡ ਕਾਇਮ ਕਰ ਦਿਤਾ ਹੈ। ਪਿਛਲੇ ਸਾਲ ਖੁਫੀਆ ਮਹਕਿਮੇ ਨੇ 78 ਅਫਸਰਾਂ ਦੇ ਛਾਪੇ ਮਾਰਕੇ ਬਾਰਾਂ ਕਰੋੜ ਰੁਪੈ ਦੇ ਘਪਲੇ ਤੇ ਇਕ ਕਰੋੜ 41 ਲੱਖ ਦਾ ਕਾਲਾ ਧਨ ਲੱਭਿਆ ਸੀ। ਇਕ ਸੰਬੰਧਤ ਖੁਫੀਆ ਆਹਲਾ ਅਫਸਰ ਕਹਿੰਦਾ, "ਸਾਡਾ ਖਿਆਲ ਸੀ ਸਾਨੂੰ ਬੜੀ ਭਾਰੀ ਲੱਭ ਹੱਥ ਲੱਗੇਗੀ ਪਰ ਜੋ ਕੁਝ ਲੱਭਾ ਸਾਡੇ ਅੰਦਾਜ਼ੇ ਤੋਂ ਕਿਤੇ ਵੱਧ ਸੀ।" ਇਨ੍ਹਾਂ ਮਹੀਨਿਆਂ ਦੇ ਕਾਬੂ ਆਇਆ ਤੋਂ ਇਹ ਸਾਬਤ ਹੋ ਗਿਆ ਹੈ ਕਿ ਹਰਾਮਖੋਰੀ ਤੇ ਭ੍ਰਿਸ਼ਟਾਚਾਰੀ ਆਮ ਹੋ ਚੁੱਕੀ ਹੈ ਜਿਹੜੀ ਲੁਕੀ ਹੀ ਰਹਿੰਦੀ ਹੈ।

ਟੈਕਨੀਕਲ ਡੀਵੈਲਪਮੈਂਟ ਮਹਿਕਮੇ ਦੇ ਡਾਇਰੈਕਟ੍ਰੇਟ ਜਨਰਲ ਦੇ ਇਕ ਛੋਟੇ ਜੇਹੇ ਅਫਸਰ ਦੇ ਘਰ ਛਾਪਾ ਮਾਰਨ ਤੇ ਉਨ੍ਹਾਂ ਨੂੰ ਹੁੰਡੀਆਂ, ਅਮਾਨਤ-ਰਸੀਦਾਂ ਅਤੇ ਬਾਂਡ ਬਗੈਰਾ 12 ਲੱਖ ਦਾ ਕਾਲਾ ਧਨ ਹਥ ਲੱਗਾ, ਓਹਦੀ ਤਨਖਾਹ ਮਸਾਂ 2200 ਰੁਪੈ ਮਹੀਨਾ ਹੈ। ਇਹ ਭਾਈ ਇੰਦਰਾ ਸਮੇਂ ਦੇ ਕਿਸੇ ਵਜ਼ੀਰ ਦਾ ਰਿਸ਼ਤੇਦਾਰ ਹੈ।

ਇਕ ਆਈ. ਏ. ਐਸ ਅਫਸਰ ਜਿਹੜਾ ਫੂਡ ਮਹਿਕਮੇ ਦਾ ਰਿਜਨਲ ਮੈਨੇਜਰ ਲਗਾ ਸੀ ਓਹਦੇ ਐਪਲ ਆਰਚਡ(ਸੇਬ ਬਾਗ) ਹਨ, ਇੰਡਸਟਰੀ ਪਲਾਟ ਹਨ, ਤਿੰਨ ਕਾਰਾਂ ਜਿਨ੍ਹਾਂ ਵਿਚ ਇਕ ਇਮਪੋਰਟਿਡ ਹੈ, ਇਕ ਈਲੈਕਟ੍ਰੋਨਿਕ ਫੈਕਟਰੀ ਹੈ ਅਤੇ ਤਿੰਨ ਬੈਂਕ-ਲੌਕਰ ਹਨ। ਇਹਦੀ ਕੁਲ ਸੰਪਤੀ 50 ਲੱਖ ਦੀ ਹੈ, ਓਹਦੀ ਤਨਖਾਹ 3500 ਰੁਪੈ ਮਹੀਨਾ ਹੈ।

ਇਕ ਹੋਰ ਆਈ. ਏ. ਐਸ ਜਿਹੜਾ ਸਟੀਲ ਮਨਿਸਟਰੀ ਵਿਚ ਸੀ, ਹੈਦਰਾਬਾਦ ਲਗਾ ਹੋਇਆ ਸੀ ; ਓਹਨੇ ਦੂਜੀ ਗੈਰ ਕਾਨੂੰਨੀ ਸ਼ਾਦੀ ਵੀ ਕੀਤੀ ਹੋਈ ਸੀ। ਓਹ ਆਪਣੀਆਂ ਦੋਵੇਂ ਔਰਤਾਂ ਵੱਖ ਵੱਖ ਘਰਾਂ 'ਚ ਰਖਦਾ ਸੀ ; ਓਹ ਬੜੇ ਆਹਲਾ ਵਨਜਾਰਾ ਹਿਲਜ਼ ਇਲਾਕੇ ਦੋ ਘਰਾਂ ਦਾ ਮਾਲਕ ਹੈ ਅਤੇ ਦੋਵਾਂ ਬੀਵੀਆਂ ਦੇ ਵਰਤਣ ਲਈ ਇਕ ਇਕ ਕਾਰ ਵੀ ਰਖੀ ਹੋਈ ਸੀ। ਉਹਦੇ ਲਾਕਰਾਂ ਵਿਚੋਂ ਦੋ ਕਿਲੋਗਰਾਮ ਸੋਨਾ ਵੀ ਲੱਭਿਆ ਹੈ। ਉਹਦੀ ਤਨਖਾਹ 3000 ਰੁਪੈ ਮਹੀਨਾ ਸੀ।

ਇਕ ਇੰਡਸਟਰੀਅਲ ਸਲਾਹਕਾਰ ਦੇ ਘਰੋਂ ਵੱਖ ਵੱਖ ਸ਼ਕਲਾਂ ਵਿਚ 52000 ਨਕਦ ਲੱਭਾ, ਉਹ ਦਸ ਲੱਖ ਦੇ ਦੋ ਫਲੈਟਾਂ ਦਾ ਮਾਲਕ ਹੈ, ਦਿੱਲੀਓਂ ਬਾਹਰ ਨਵੀਂ ਕਾਲੋਨੀ ਵਿਚ ਇਕ ਘਰ ਦਾ ਪਲਾਟ ਹੈ, ਇਕ ਲਖ ਸਠ ਹਜ਼ਾਰ ਰੁਪੈ ਦੇ ਨੈਸ਼ਨਲ ਸੇਵਿੰਗ ਸਰਟੀਫਿਕੇਟ ਹਨ ਅਤੇ 10,000 ਰੁਪੈ ਬੈਂਕ ਵਿਚ ਜਮਾਂ ਸੀ - ਉਹਦੀ ਤਨਖਾਹ ਮਸਾਂ 2800 ਰੁਪੈ ਮਹੀਨਾ ਸੀ।

ਏਸੇ ਤਰ੍ਹਾਂ ਖੁਫੀਆ ਵਾਲਿਆਂ ਬੈਂਕ ਮੈਨੇਜਰਾਂ ਦੀਆਂ ਕਿਤਾਬਾਂ ਦੀ ਗਰਦ ਵੀ ਜਾ ਝਾੜੀ। ਸਟੇਟ ਬੈਂਕ ਆਫ ਟ੍ਰੈਵਨਕੋਰ ਦੇ ਜਨਰਲ ਮੈਨੇਜਰ ਪੀ. ਕੇ. ਨਡੰਗਾਡੀ ਨੇ ਇਕ ਟੈਕਸਟਾਈਲ ਮਿਲ ਨੂੰ ਚਾਰ ਕਰੋੜ ਰੁਪੈ ਦਾ ਨਾਜਾਇਜ਼ ਕਰਜ਼ਾ ਦਿਤਾ ਹੋਇਆ ਸੀ। ਜਦੋਂ ਉਹਦੀ ਬੇ-ਕਾਨੂੰਨੀ ਫੜੀ ਗਈ, ਉਹਨੇ ਬੈਂਕ ਦੀ ਨੌਕਰੀ ਛੱਡਕੇ ਉਸੇ ਟੈਕਸਟਾਈਲ ਦੇ 8000 ਰੁਪੈ ਮਹੀਨੇ ਤੇ ਨੌਕਰੀ ਜਾ ਕੀਤੀ।

ਇਕ ਹੋਰ ਬੈਂਕ ਮੈਨੇਜਰ ਨੇ 20 ਨੁਕਾਤੀ ਪਰੋਗਰਾਮ ਅਧੀਨ, ਬੋਗਸ ਨਾਵਾਂ ਨੂੰ ਬੇਸ਼ੁਮਾਰ ਕਰਜ਼ਾ ਦਿਤਾ ਹੋਇਆ ਸੀ। ਛਾਣ-ਬੀਣ ਤੋਂ ਪਤਾ ਲਗਾ ਕਿ ਉਹਨੇ ਉਸ ਰੁਪੈ ਨਾਲ ਪ੍ਰਾਪਰਟੀ ਖਰੀਦੀ ਹੋਈ ਸੀ ਜਿਹੜੀ ਮੁੜ ਬੈਂਕ ਨੂੰ ਹੀ ਰੈਂਟ ਕੀਤੀ ਹੋਈ ਸੀ ਤੇ ਉਹ ਰੈਂਟ ਆਪ ਖਾਂਦਾ ਸੀ। ਇਕ ਹੋਰ ਬੈਂਕ ਦੇ ਜਨਰਲ ਮੈਨੇਜਰ ਨੇ ਕਰਨਾਟਕ ਵਿਚ ਚੋਰ-ਨਾਵਾਂ ਨੂੰ 80 ਲੱਖ ਰੁਪੈ ਕਰਜ਼ਾ ਦਿਤਾ ਹੋਇਆ ਸੀ ; ਦਰਅਸਲ ਓਹਨੇ ਉਹ ਕਰਜ਼ਾ 24 ਪ੍ਰਤੀਸ਼ਤ ਰੇਟ ਸੂਦ ਤੇ ਸੱਟਾ-ਬਾਜ਼ਾਂ ਨੂੰ ਦਿਤਾ ਹੋਇਆ ਸੀ। ਖੁਫੀਆ ਵਿਭਾਗ ਵਾਲੇ ਵੀ ਹੈਰਾਨ ਹਨ, ਕਿਵੇਂ ਪਬਲਿਕ ਧਨ ਨਾਲ ਬੈਂਕ ਅਧਿਕਾਰੀ ਪ੍ਰਾਈਵੇਟ ਬੈਂਕਿੰਗ ਕਰ ਰਹੇ ਹਨ।

ਸਰਕਾਰੀ ਅਤੇ ਨੀਮ ਸਰਕਾਰੀ ਅਦਾਰਿਆਂ ਦੇ ਅਫਸਰਾਂ ਦੇ ਵੱਢ੍ਹੀ-ਖੋਰੀ ਦੀ ਖੋਜ ਪੜਤਾਲ ਬਾਰੇ ਪ੍ਰਧਾਨ ਮੰਤਰੀ ਖਾਸ ਧਿਆਨ ਦੇ ਰਿਹਾ ਹੈ। ਪਰਸਨਲ ਐਂਡ ਐਡਮਨਿਸਟ੍ਰੇਟਿਵ ਰੀਫੋਰਮਜ਼ ਮਹਿਕਮਾ ਜਿਹੜਾ ਪ੍ਰਧਾਨ ਮੰਤਰੀ ਦੇ ਹੀ ਅਧੀਨ ਹੈ, ਨੇ ਬੜੇ ਵਿਸਥਾਰ ਪੂਰਬਕ, ਸੰਬੰਧਤ ਮੰਤਰੀਆਂ ਅਤੇ 200 ਪਬਲਿਕ ਸੈਕਟਰ ਕਾਰਪੋਰੇਸ਼ਨਾਂ ਨੂੰ, ਮਹਿਕਮਿਆਂ ਵਿਚ ਝਬਦੇ ਸੁਧਾਰ ਲਿਆਉਣ ਲਈ ਬੜੀਆਂ ਤਕੜੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ। ਏਸ ਘੇਰੇ ਵਿਚ ਚੀਫ ਕੰਟਰੋਲ ਆਫ ਇਮਪੋਰਟਸ ਐਂਡ ਐਕਸਪੋਰਟਸ, ਫੂਡ ਡੀਪਾਰਟਮੈਂਟ, ਇਨਕਮਟੈਕਸ ਐਂਡ ਐਕਸਾਈਜ਼, ਸਟੀਲ ਵਿਭਾਗ, ਇਨਫਰਮੇਸ਼ਨ ਐਂਡ ਬ੍ਰਾਡਕਾਸਟਿੰਗ, ਸਾਰੀਆਂ ਨੈਸ਼ਨਲਾਈਜ਼ਡ ਬੈਂਕਾਂ ਆ ਜਾਂਦੇ ਹਨ ਜਿਨ੍ਹਾਂ ਬਾਰੇ ਸਰਕਾਰ ਨੂੰ ਬਹੁਤੀਆਂ ਸ਼ਿਕਾਇਤਾਂ ਉਪੜਦੀਆਂ ਹਨ। ਇਸਤੋਂ ਇਲਾਵਾ, ਦੇਹਲੀ ਮਿਉਂਸਪਲ ਕਾਰਪੋਰੇਸ਼ਨ ਅਤੇ ਦੇਹਲੀ ਡੀਵੈਲਪਮੈਂਟ ਅਥਾਰਿਟੀ ਨੂੰ ਵੀ ਬਿਜਲੀ-ਝਟਕਾ ਸੁਧਾਰ ਟ੍ਰੀਟਮੈਂਟ ਦੇਣ ਬਾਰੇ ਵੀ ਹੁਕਮ ਜਾਰੀ ਕਰ ਦਿਤੇ ਹਨ। ਵੱਢ੍ਹੀ-ਖੋਰੇ ਦੀ ਸਫਾਈ ਲਈ, ਯੁਧ-ਨੀਤੀ ਆਧਾਰ ਤੇ, ਤਸਾਂਗੀ (ਤਿੰਨਪਾਸੜ) ਕਾਰਵਾਈ ਆਰੰਭ ਦਿਤੀ ਗਈ ਹੈ। ਏਸ ਖੇਤਰ ਦੀ ਜਾਂਚ ਲਈ, ਸਮੇਂ-ਆਧਾਰਤ-ਐਕਸ਼ਨ ਨੀਤੀ ਵਿਧੀ ਵਿਉਂਤੀ ਗਈ ਹੈ ਤਾਕਿ ਕੇਸਾਂ ਦਾ ਨਿਪਟਾਰਾ ਝਬਦੇ ਹੋ ਸਕੇ। ਨਵੀਂ ਵਿਧੀ ਪਹੁੰਚ ਅਨੁਸਾਰ, ਕੇਸ ਨਾਲ ਸੰਬੰਧਤ, ਵੱਢ੍ਹੀਖੋਰ ਵਿਅਕਤੀ ਅਤੇ ਉਹਦੇ ਸਾਰੇ ਅੰਗੀਆਂ ਸੰਗੀਆਂ ਦੇ ਇਕੋ ਸਮੇਂ ਛਾਪੇ ਮਾਰੇ ਜਾਣਗੇ। ਸਾਰੀਆਂ ਪਬਲਿਕ ਕਾਰਪੋਰੇਸ਼ਨਾਂ ਵਲ ਬੜੇ, ਨਿਖਰੇ-ਨਿਰਦੇਸ਼ ਪੁਜ ਚੁਕੇ ਹਨ ਕਿ ਜਾਂ ਤੇ ਬੇਈਮਾਨ ਅਧਿਕਾਰੀਆਂ ਨੂੰ ਪ੍ਰਭਾਵਿਕ ਜੌਬਾਂ ਤੋਂ ਹਟਾ ਦਿਤਾ ਜਾਵੇ ਜਾਂ ਪੰਜਾਹ ਸਾਲਾਂ ਤੋਂ ਉਪਰ ਵਾਲਿਆਂ ਨੂੰ ਜਬਰੀ ਰੀਟਾਇਰ ਕਰ ਦਿਤਾ ਜਾਵੇ। ਪਰਸਨਲ ਐਂਡ ਐਡਮਨਿਸਟ੍ਰੇਟਿਵ ਰੀਫੋਰਮਜ਼ ਵਿਭਾਗ ਦੇ ਆਦੇਸ਼ ਤੋਂ ਵੀ ਪਹਿਲਾਂ, ਖੁਫੀਆ ਵਿਭਾਗ ਨੇ ਬਦਲੇ ਦੀ ਭਾਵਨਾ ਨਾਲ ਹੀ ਪਿਛਲੇ ਅਕਤੂਬਰ 20 ਤੋਂ ਵੀ ਵੱਧ ਇਨਕਮਟੈਕਸ ਅਤੇ ਕਸਟਮ ਅਧਿਕਾਰੀਆਂ ਅਤੇ ਦਰਜਨ ਹੋਰ ਪਬਲਿਕ ਸੈਕਟਰ ਅਫਸਰਾਂ ਦੇ ਛਾਪੇ ਮਾਰੇ ਅਤੇ ਉਨ੍ਹਾਂ ਸਾਧਾਰਨ ਸਰਕਾਰੀ ਅਫਸਰਾਂ ਦੇ ਘਰਾਂ ਤੋਂ ਏਨੀ ਕਾਲੀ ਮਾਇਆ ਦੇ ਫੜੇ ਜਾਣ ਤੇ ਉਹ ਹੈਰਾਨ ਰਹਿ ਗਏ। ਦੂਜੀ ਵਾਰ ਨਵੰਬਰ-ਦਸੰਬਰ ਦੌਰਾਨ ਕੁਲ 73 ਛਾਪੇ ਮਾਰੇ ਜਦ ਕਿ ਪਹਿਲੇ 9 ਮਹੀਨਿਆਂ ਵਿਚ ਛਾਪਿਆਂ ਦੀ ਗਿਣਤੀ ਸਿਰਫ 40 ਸੀ

ਐਹ ਨਵਾਂ ਸਾਲ ਚੜ੍ਹਨ ਤੇ ਛਾਪੇਮਾਰਾਂ ਦਾ ਨਿਸ਼ਾਨਾ ਬੈਂਕ-ਅਧਿਕਾਰੀ ਸੀ ਤੇ ਜਨਵਰੀ ਮਹੀਨੇ ਇਕੋ ਦਿਨ 27 ਸ਼ਹਿਰਾਂ ਵਿਚ 19 ਨੈਸ਼ਨਲਾਈਜ਼ਡ ਬੈਂਕਾਂ ਦੇ 48 ਅਫਸਰਾਂ ਦੇ ਘਰੀਂ ਛਾਪੇ ਵੱਜੇ ਅਤੇ ਇਨ੍ਹਾਂ ਛਾਪਿਆਂ ਦਾ ਆਪਸੀ ਤਾਲਮੇਲ ਸੀ ਭਾਵ ਜੇ ਬੈਂਕ ਦੇ 48 ਅਫਸਰਾਂ ਦੇ ਘਰੀਂ ਛਾਪੇ ਵੱਜੇ ਅਤੇ ਇਨ੍ਹਾਂ ਛਾਪਿਆਂ ਦਾ ਆਪਸੀ ਤਾਲਮੇਲ ਸੀ ਭਾਵ ਜੇ ਬੈਂਕ ਦੇ ਜਨਰਲ ਮੈਨੇਜਰ ਉਨ੍ਹਾਂ ਦਾ ਨਿਸ਼ਾਨਾ ਸੀ ਤਾਂ ਉਹਦੇ ਨਾਲ ਸਿੱਧਾ ਸੰਬੰਧ ਰਖਣ ਵਾਲਿਆਂ ਨੂੰ ਜਿਨ੍ਹਾਂ ਉਪਰ ਉਹਦੇ ਸਾਥੀ ਹੋਣ ਦਾ ਸ਼ੱਕ ਵੀ ਸੀ, ਨਾਲ ਲਪੇਟੇ। ਬੇਸ਼ੱਕ 2000 ਤੋਂ ਵੱਧ ਏਹੋ ਜਿਹੇ ਕੇਸਿਜ਼ ਖੁਫੀਆ ਅਤੇ ਵਿਜੀਲੈਂਨਸ ਵਿਭਾਗ ਵਿਚ ਲਟਕ ਰਹੇ ਹਨ, ਪਰ ਜਾਪਦਾ ਇਹ ਐਵੇਂ ਗੋੜ੍ਹੇ ਚੋਂ ਪੂਣੀ ਹੀ ਕੱਤੀ ਹੈ।

ਦੇਸ਼ ਦਾ ਕਾਨੂੰਨ ਬੜੀ ਮੱਠੀ ਚਾਲ ਚਲਦਾ ਹੈ। ਇਕ ਨੱਪਿਆ ਅਫਸਰ ਕਹਿੰਦਾ, ਕਿ ਉਹਨੂੰ 46 ਲੱਖ ਰੁਪੈ ਉਹਦੇ ਦਸ ਸਾਲ ਪਹਿਲਾਂ ਮਰੇ ਪਿਤਾ ਵਲੋਂ ਗਿਫਟ ਮਿਲੇ ਸਨ ; ਪਰ ਖੁਫੀਆ ਵਾਲਿਆਂ ਨੂੰ ਇਹ ਸਾਬਤ ਕਰਨ ਲਈ ਕਿ ਗਿਫਟ-ਲਿਖਤਾਂ ਸਭ ਜਾਹਲੀ ਸਨ, ਦਸ ਮਹੀਨੇ ਲੱਗੇ। ਬੇਸ਼ੱਕ ਖੁਫੀਆ ਵਿਭਾਗ ਨਵੇਂ ਖੋਜ ਢੰਗ ਵਰਤਣ ਲਗ ਪਿਆ ਹੈ, ਜਿਵੇਂ ਕਿ ਔਡਿਟ-ਰੀਪੋਰਟ, ਇਨਟ੍ਰਨਲ-ਖੁਫੀਆ ਇਨਕੁਆਰੀ ਆਦਿ ਜਿਹੜੀ ਕਿ ਛੇਤੀ ਹੀ ਫਾਈਲ ਨਾਲ ਲਗ ਜਾਂਦੀ ਹੈ। ਇਹ ਇਨਕੁਆਰੀ ਪਹਿਲਾਂ ਜਿਥੇ ਸਾਲ ਲੈਂਦੀ ਸੀ ਹੁਣ ਮਸਾਂ ਦੋ-ਤਿੰਨ ਮਹੀਨੇ ਲੈਂਦੀ ਹੈ। ਹੋਰ ਵੀ, ਮਹਕਿਮੇ ਨੇ ਖੁਫੀਆ ਇਤਲਾਹ-ਸੂਹ ਦੇਣ ਵਾਲੇ ਨੂੰ ਕਾਲਾ ਧਨ ਲੱਭ ਵਿਚੋਂ ਕੁਝ ਪਰਸੈਂਟੇਜ ਲਾਲਚ ਦੇਣਾ ਵੀ ਆਰੰਭ ਦਿਤਾ ਹੈ।

ਦੇਸ਼ ਦੇ ਅੰਦਰ ਵੀ ਤੇ ਬਾਹਰ ਵੀ, ਮਿਤਰਾਂ ਨਾਲੋਂ ਦੁਸ਼ਮਣ ਵਧੇਰੇ ਬਣੇ ਬੈਠੇ ਹਨ। ਧਾਗਾ ਟੁੱਟਾ ਗੰਢਣਾਂ ਸੌਖਾ ਹੈ ਪਰ ਤਾਣੀ ਟੁੱਟੀ ਗੰਢਣੀ ਤੇ ਜ਼ਰੂਰ ਸਮਾਂ ਲੋੜਦੀ ਹੈ। ਨਿਰਾਸ਼ ਹੋ ਹਥ ਤੇ ਹੱਥ ਧਰ ਬੈਠਣ ਨਾਲੋਂ "ਆਪਣਿਆਂ ਨੂੰ ਸੁਮੱਤ ਬਖਸ਼ੀਂ" ਅਰਦਾਸ ਕਰਨਾ ਹਰ ਦੇਸ਼ ਵਾਸੀ ਦਾ ਫਰਜ਼ ਹੈ।




Kuldip S. Jhand

**WHEATON**
**PONTIAC BUICK GMC LTD.**

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ੍ਰੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ

**ਕੁਲਦੀਪ ਸਿੰਘ ਝੰਡ**
ਨੂੰ ਮਿਲੋ ਜਾਂ ਫੋਨ ਕਰੋ

**Bus. 526-2781**
**Res. 524-4137**
**Pager 687-7711 #7610**

**SUPER BUYS**

325 - 12th St., New Westminster, B.C.



## ਖਾਲਸਾ ਸਕੂਲ ਵੈਨਕੂਵਰ ਲਈ ਸਟਾਫ ਦੀ ਜ਼ਰੂਰਤ

1 ਸਤੰਬਰ, 1986 ਤੋਂ ਸ਼ੁਰੂ ਹੋ ਰਹੀਆਂ ਜਮਾਤਾਂ ਲਈ ਹੇਠ ਲਿਖੇ ਟੀਚਰਾਂ ਦੀ ਆਰਜ਼ੀ ਤੌਰ ਤੇ ਜ਼ਰੂਰਤ ਹੈ :-
ਇਕ ਕਿੰਡਰ ਗਾਰਟਨ ਟੀਚਰ — ਤਿੰਨ ਐਲੀਮੈਂਟਰੀ ਗਰੇਡ ਟੀਚਰ — ਇਕ ਸਹਾਇਕ ਜੋ ਕਿ ਅੰਗਰੇਜ਼ੀ ਵੀ ਪੜ੍ਹਾ ਸਕਦਾ ਹੋਵੇ।

- ਅਰਜ਼ੀ ਦੇਣ ਵਾਲੇ ਪਾਸ ਬੀ. ਸੀ. ਟੀਚਰ ਸਰਟੀਫਿਕੇਟ ਹੋਵੇ
- ਸਿਗਰਟ ਆਦਿ ਨਾ ਪੀਂਦਾ ਹੋਵੇ
- ਪੰਜਾਬੀ ਜਾਨਣ ਵਾਲੇ ਨੂੰ ਤਰਜੀਹ ਦਿਤੀ ਜਾਵੇਗੀ।

***

ਇਕ ਪਾਰਟ ਟਾਈਮ ਸਿੱਖ ਧਰਮ ਤੇ ਮਿਊਜ਼ਿਕ ਸਿਖਾਉਣ ਵਾਲੇ ਦੀ ਜ਼ਰੂਰਤ ਹੈ। ਅਰਜ਼ੀ ਦੇਣ ਵਾਲਾ ਜ਼ਰੂਰੀ ਹੀ ਅੰਮ੍ਰਿਤਧਾਰੀ ਹੋਵੇ।

ਅਰਜ਼ੀਆਂ 15 ਜੂਨ ਤੱਕ ਸਾਰੇ ਸਰਟੀਫਿਕੇਟਾਂ ਨਾਲ ਹੇਠ ਲਿਖੇ ਪਤੇ ਤੇ ਪੁੱਜ ਜਾਣ :—

THE PRINCIPAL
KHALSA SCHOOL VANCOUVER
P.O.BOX 67433, STN. 'O'
VANCOUVER, B.C. V3W 3T5



# BHANDAL DRYWALL LTD.

**3397 Kingsway, Vancouver, B.C.**

**Ph. 430-5011**



Vice President
**Karnail S. Bhandal**

President
**Jarnail S. Bhandal M.A.**

# ਤੀਸਰੇ ਘੱਲੂਘਾਰੇ ਤੋਂ ਦੋ ਸਾਲ ਬਾਦ

**ਹਰਦਿਆਲ ਸਿੰਘ ਜੌਹਲ**

ਜੂਨ 1984 ਵਿਚ ਪੰਜਾਬ ਵਿਚ ਕੀਤੇ "ਬਲਿਯੂ ਸਟਾਰ ਓਪਰੇਸ਼ਨ" ਦੇ ਘੱਲੂਘਾਰੇ ਦੇ ਮਾੜੇ ਦਿਨ ਅੱਜ ਦੋ ਸਾਲ ਮਗਰੋਂ ਸਾਰੀ ਦੁਨੀਆਂ ਵਿਚ ਜਿਥੇ ਜਿਥੇ ਵੀ ਸਿੱਖੀ ਦੇ ਧੁਰੇ ਸ੍ਰੀ ਅੰਮ੍ਰਿਤਸਰ ਸਾਹਿਬ ਨਾਲ ਜੁੜੇ ਸਿੱਖ ਰਹਿੰਦੇ ਹਨ, ਸ਼ਹੀਦਾਂ ਦੀ ਯਾਦ ਵਿਚ ਕੀਤੇ ਗਏ ਹਨ ।

1 ਜੂਨ 1984 ਨੂੰ ਪਹਿਲੀ ਰੈਲੀ ਸ੍ਰੀ ਦਰਬਾਰ ਸਾਹਿਬ ਵੱਲ ਸੀ. ਆਰ. ਪੀ. ਵੱਲੋਂ ਚਲਾਈ ਗਈ ਜਿਸ ਵਿਚ ਇਕ ਬਿਰਧ ਮਾਤਾ ਜੀ ਦਰਸ਼ਨ ਕਰਨ ਆਈ ਸ਼ਹੀਦ ਹੋਈ ਅਤੇ 3 ਜੂਨ ਦੀ ਰਾਤ ਨੂੰ ਭਾਰਤੀ ਫੌਜ ਵੱਲੋਂ ਤੋਪਾਂ ਅਤੇ ਟੈਂਕਾਂ ਨਾਲ ਹਮਲਾ ਕਰਕੇ ਸਿੱਖਾਂ ਦੇ ਧਰਮ ਦੇ ਸੋਮੇ ਸ੍ਰੀ ਹਰਿਮੰਦਰ ਸਾਹਿਬ ਨੂੰ ਗੋਲੀਆਂ ਨਾਲ ਛਾਨਣੀ ਕੀਤਾ ਗਿਆ ਅਤੇ ਸਿੱਖਾਂ ਦੀ ਸਿਆਸਤ ਦੇ ਕੇਂਦਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕੀਤਾ ਗਿਆ ਅਖੀਰ ਵਿਚ ਗਿਆਨ ਅਤੇ ਇਤਿਹਾਸ ਦੇ ਭੰਡਾਰ "ਸਿੱਖ ਰੈਫਰੈਂਸ ਲਾਇਬਰੇਰੀ" ਨੂੰ 11 ਜੂਨ 1984 ਵਾਲੇ ਦਿਨ ਅੱਗ ਲਾ ਕੇ ਸੁਆਹ ਕਰ ਦਿਤਾ ਗਿਆ । ਹਜ਼ਾਰਾਂ ਹੀ ਸਿੱਖਾਂ ਨੂੰ ਗੋਲੀਆਂ ਮਾਰ ਕੇ ਅਤੇ ਤਸੀਹੇ ਦੇ ਦੇ ਕੇ ਸ਼ਹੀਦ ਕੀਤਾ ਗਿਆ ।



### ਕਾਰਨ :

ਅਸਲ ਵਿਚ ਕਾਰਨ ਇਹ ਹੈ ਕਿ ਕੋਈ ਵੀ ਹਾਕਮ ਨਹੀਂ ਚਾਹੁੰਦਾ ਕਿ ਉਸਦੇ ਰਾਜ ਵਿਚ ਉਸਦੇ ਸਾਹਮਣੇ ਕੋਈ ਸਿਰ ਉਚਾ ਕਰਕੇ, ਆਕੜ ਕੇ ਲੰਘੇ। ਹਾਕਮ ਚਾਹੁੰਦੇ ਹਨ ਕਿ ਸਾਰੀ ਪਰਜਾ ਉਨ੍ਹਾਂ ਨੂੰ ਸਲਾਮ ਕਰੇ, ਉਨ੍ਹਾਂ ਦੀ ਅਧੀਨਗੀ ਮੰਨੇ । ਬੇਸ਼ੱਕ ਉਹ ਹਾਕਮ ਕਿਸੇ ਵੀ ਵੱਡੇ ਤੋਂ ਵੱਡੇ ਮੁਲਕ ਉਪਰ ਰਾਜ ਕਰ ਰਹੇ ਹੋਣ ਜਾਂ ਕਿਸੇ ਵੀ ਛੋਟੀ ਜਾਂ ਵੱਡੀ ਸੰਸਥਾ ਦੇ ਹੀ ਹਾਕਮ ਹੋਣ । ਸਿੱਖ ਧਰਮ ਦਾ ਆਰੰਭ ਹੀ ਮਾਨਸਿਕ ਅਤੇ ਸਰੀਰਕ ਆਜ਼ਾਦੀ ਤੋਂ ਹੀ ਸ਼ੁਰੂ ਹੋਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨੇਊ ਪਾਉਣ ਤੋਂ ਇਨਕਾਰ ਕਰਨ ਤੋਂ ਲੈ ਕੇ ਬਾਬਰ ਬਾਦਸ਼ਾਹ ਨਾਲ ਟੱਕਰ ਲੈਣ ਤੱਕ ਅਣਗਿਣਤ ਘਟਨਾਵਾਂ ਗਿਣੀਆਂ ਜਾ ਸਕਦੀਆਂ ਹਨ । ਛੇਵੇਂ ਪਾਤਸ਼ਾਹ ਦਾ ਬਾਜ਼ ਅਤੇ ਤਾਜ ਰੱਖਣਾ ਅਤੇ ਤਖਤ ਬਨਾਉਣਾ ਆਜ਼ਾਦੀ ਦੀਆਂ ਨਿਸ਼ਾਨੀਆਂ ਹਨ । ਧਰਮ ਦੀ ਆਜ਼ਾਦੀ ਲਈ ਨੌਵੇਂ ਪਾਤਸ਼ਾਹ ਜੀ ਦਾ ਦਿੱਲੀ ਵਿਚ ਸੀਸ ਦੇਣਾ । ਦਸਵੇਂ ਪਾਤਸ਼ਾਹ ਜੀ ਦਾ ਨਗਾਰੇ ਬਜਾਉਣਾ, ਫੌਜਾਂ ਰੱਖਣਾ ਅਤੇ ਦਿੱਲੀ ਦੇ ਬਾਦਸ਼ਾਹ ਦੇ ਬਣਾਏ ਅਣਮਨੁੱਖੀ ਕਾਨੂੰਨਾਂ ਨੂੰ ਮੰਨਣ ਤੋਂ ਇਨਕਾਰੀ ਹੋਣਾ ਅਤੇ ਆਪਦੇ ਕਾਨੂੰਨ ਆਪ ਘੜਨਾ ਆਜ਼ਾਦੀ ਦੀਆਂ ਨਿਸ਼ਾਨੀਆਂ ਹਨ ।

ਅੱਜ ਵੀ ਦਿੱਲੀ ਦੀ ਸਰਕਾਰ ਨਹੀਂ ਚਾਹੁੰਦੀ ਕਿ ਭਾਰਤ ਵਿਚ ਕੋਈ ਵੀ ਸਿਰ ਉਚਾ ਕਰਕੇ ਸਰਕਾਰ ਨਾਲ ਟੱਕਰ ਲੈ ਸਕੇ ਅਤੇ ਉਨ੍ਹਾਂ ਦੀ ਗੁਲਾਮੀ ਪ੍ਰਵਾਨ ਨਾ ਕਰੇ । ਬਹੁ ਗਿਣਤੀ ਵਾਲੇ ਧੱਕੇ ਨਾਲ ਵੀ ਆਜ਼ਾਦੀ ਚਾਹੁਣ ਵਾਲੀਆਂ ਘੱਟ ਗਿਣਤੀਆਂ ਨੂੰ ਹਮੇਸ਼ਾਂ ਕੁਚਲਣ ਦਾ ਹੀ ਯਤਨ ਕਰਦੀਆਂ ਹਨ । ਭਾਵੇਂ ਉਹ ਆਂਧਰਾ ਪ੍ਰਦੇਸ਼ ਦਾ ਰਾਮਾ ਰਾਉ ਹੋਵੇ ਜਾਂ ਕਸ਼ਮੀਰ ਦੇ ਮੁਸਲਮਾਨ ਹੋਣ । ਭਾਰਤ ਵਿਚ ਵਸ ਰਹੀ ਘੱਟ ਗਿਣਤੀ ਸਿੱਖਾਂ ਨਾਲ ਜੋ ਧੱਕਾ ਦਿੱਲੀ ਸਰਕਾਰ ਨੇ ਕੀਤਾ ਹੈ ਉਸ ਦੀ ਮਿਸਾਲ ਹੋਰ ਕਿਤੇ ਨਹੀਂ ਲੱਭਦੀ । ਸਮਾਜਕ ਤੌਰ ਉਪਰ ਜਲੀਲ ਕਰਨਾ, ਧਾਰਮਿਕ ਤੌਰ ਉਪਰ ਨਸ਼ਟ ਕਰਨਾ ਅਤੇ ਰਾਜਨੀਤਕ ਤੌਰ ਉਪਰ ਖੇਰੂੰ ਖੇਰੂੰ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਗਈ । ਸਿੱਖ ਕੌਮ ਜੋ ਅਣਖ ਨਾਲ ਜਿਉਣਾ ਚਾਹੁੰਦੀ ਹੈ ਉਸ ਨੂੰ ਇਤਨਾ ਕਮਜ਼ੋਰ ਅਤੇ ਬੇਬਸ ਕਰ ਦਿਤਾ ਜਾਵੇ ਤਾਂ ਕਿ ਉਹ ਮੁੜ ਦਿੱਲੀ ਦੇ ਹਾਕਮਾਂ ਅਗੇ ਸਿਰ ਉਚਾ ਕਰਕੇ ਅਤੇ ਆਕੜ ਨਾਲ ਨਾ ਚੱਲ ਸਕੇ । ਇਹ ਸੀ ਮੁਖ ਕਾਰਨ "ਬਲਿਯੂ ਸਟਾਰ ਓਪਰੇਸ਼ਨ" ਦਾ ।

### ਬਹਾਨਾ —

ਸਰਕਾਰ ਵੱਲੋਂ ਬਹਾਨਾ ਬਣਾਇਆ ਗਿਆ ਕਿ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਅਤਿਵਾਦੀ ਹਥਿਆਰ ਜਮ੍ਹਾਂ ਕਰਕੇ ਬੈਠੇ ਸਨ । ਇਸ ਲਈ ਹਮਲਾ ਕੀਤਾ ਗਿਆ । ਹਾਂ ਇਹ ਸੱਚ ਹੈ ਕਿ ਕੁਝ ਸਿੱਖ ਛੋਟੇ ਮੋਟੇ ਹਥਿਆਰ ਲਈ ਆਪਦੇ ਗੁਰੂ ਦੀ ਸ਼ਰਨ ਵਿਚ ਸਰਕਾਰ ਤੋਂ ਦੁਖੀ ਹੋਏ ਬੈਠੇ ਸਨ ।

### ਸਵਾਲ ਹੈ ?

ਕੀ ਸ੍ਰੀ ਦਰਬਾਰ ਸਾਹਿਬ ਵਿਚੋਂ ਉਨ੍ਹਾਂ ਨੂੰ ਕੱਢਣ ਲਈ ਤੋਪਾਂ ਟੈਂਕਾਂ ਦੀ ਜ਼ਰੂਰਤ ਸੀ ? ਕੀ ਰੈਫਰੈਂਸ ਲਾਇਬਰੇਰੀ ਨੂੰ ਅੱਗ ਲਾ ਕੇ ਸਾੜਨਾ ਜ਼ਰੂਰੀ ਸੀ ? ਕੀ ਹਰਿਮੰਦਰ ਸਾਹਿਬ ਨੂੰ ਗੋਲੀਆਂ ਨਾਲ ਛੱਲਣੀ ਕਰਨਾ ਜ਼ਰੂਰੀ ਸੀ ? ਕੀ ਸ੍ਰੀ ਅਕਾਲ ਤਖਤ ਸਾਹਿਬ ਨੂੰ ਤੋਪਾਂ ਅਤੇ ਟੈਂਕਾਂ ਨਾਲ ਢਾਉਣਾ ਜ਼ਰੂਰੀ ਸੀ ? ਕੀ ਬੇਦੋਸ਼ੇ ਹਜ਼ਾਰਾਂ ਸਿੱਖਾਂ ਨੂੰ ਘਰਾਂ ਵਿਚੋਂ ਫੜ ਕੇ ਸਾਰੇ ਪੰਜਾਬ ਵਿਚ ਮਾਰਨਾ ਜ਼ਰੂਰੀ ਸੀ ?

ਹਥਿਆਰ ਕਿਥੋਂ ਆਏ ਅਤੇ ਕਿਸ ਨੇ ਦਿੱਤੇ ? ਹਥਿਆਰ ਸ੍ਰੀ ਦਰਬਾਰ ਸਾਹਿਬ ਵਿਚ ਕਿਸ ਤਰ੍ਹਾਂ ਪੁਜੇ ? ਕੀ ਇਹ ਭਾਰਤ ਸਰਕਾਰ ਨੇ ਪਹਿਲਾਂ ਤੋਂ ਹੀ ਬਣਾਈ ਸਕੀਮ ਅਨੁਸਾਰ ਸਭ ਕੰਮ ਆਪ ਹੀ ਤਾਂ ਨਹੀਂ ਕੀਤੇ ?

ਪੰਜਾਬ ਦੇ 34 ਹੋਰ ਗੁਰਦੁਆਰਿਆਂ ਉਪਰ ਹਮਲਾ ਕਰਨ ਦਾ ਕੀ ਕਾਰਨ ਸੀ ? ਬਿਨਾਂ ਕਿਸੇ ਕੇਸ ਤੋਂ ਸਾਲਾਂ ਬੱਧੀ ਹਜ਼ਾਰਾਂ ਸਿੱਖਾਂ ਨੂੰ ਜੇਲ੍ਹਾਂ ਵਿਚ ਡੱਕੀ ਰੱਖਣਾ ? ਝੂਠੇ ਪੁਲੀਸ ਮੁਕਾਬਲੇ ਬਣਾ ਕੇ ਲੋਕਾਂ ਨੂੰ ਮਾਰੀ ਜਾਣਾ ? ਧੀਆਂ ਭੈਣਾ ਦੀ ਸਰਕਾਰ ਦੇ ਅਫਸਰਾਂ ਵੱਲੋਂ ਬੇਇਜ਼ਤੀ ਕਰਨੀ ?

ਕੀ ਇਹ ਸਭ ਕੁਝ ਅਤਿਵਾਦੀਆਂ ਨੂੰ ਖਤਮ ਕਰਨ ਲਈ ਕੀਤਾ ਗਿਆ ? ਕੀ ਹੁਣ ਅਤਿਵਾਦੀ ਖਤਮ ਹੋ ਗਏ ਹਨ ਜਾਂ ਹੋਰ ਬਣ ਗਏ ਹਨ ?

ਅਸਲ ਵਿਚ ਇਹ ਸਾਰੇ ਜ਼ੁਲਮ ਹਾਕਮ ਨੇ ਆਪਣੀ ਰਾਜਸੀ ਸ਼ਕਤੀ ਨਾਲ ਅਣਖ ਨਾਲ ਜਿਉਣ ਵਾਲੀਆਂ ਘੱਟ ਗਿਣਤੀਆਂ ਦੀ ਆਕੜ ਭੰਨ ਕੇ ਆਪਣੀ ਈਨ ਮਨਾਉਣ ਲਈ ਕੀਤੇ । ਤਾਂ ਕਿ ਲੋਕਾਂ ਦੇ ਦਿਲਾਂ ਵਿਚ ਡਰ ਪਾ ਕੇ, ਚੁਪ ਕਰਵਾ ਦਿਤਾ ਜਾਵੇ ਅਤੇ ਆਪਦੀ ਹਕੂਮਤ ਕਾਇਮ ਰਖੀ ਜਾਵੇ ।

### ਕਸੂਰ ਅਤੇ ਜ਼ੁੰਮੇਂਵਾਰੀ —

ਇਸ ਵਰਤੇ ਕਾਂਡ ਦੀ ਸਾਰੀ ਜ਼ੁੰਮੇਂਵਾਰੀ ਭਾਰਤ ਸਰਕਾਰ ਦੀ ਕੁਟਿਲ ਨੀਤੀ ਦੀ ਹੈ । ਜਿਸ ਨੇ ਸ਼ੁਰੂ ਤੋਂ ਹੀ ਬੇ-ਇਮਾਨੀ, ਬੇ-ਭਰੋਸਗੀ, ਅਤੇ ਅਕ੍ਰਿਤਘਣਤਾ ਦੀਆਂ ਕਾਰਵਾਈਆਂ ਨਾਲ ਹਾਲਤਾਂ ਨੂੰ ਇਥੋਂ ਤਕ ਵਿਗਾੜ ਦਿਤਾ । ਜੇਕਰ 1947 ਤੋਂ ਮਗਰੋਂ ਇਸ ਮੁਲਕ ਨੂੰ ਧਰਮ ਨਿਰਪੱਖ ਦੇਸ਼ ਬਣਾ ਦਿਤਾ ਜਾਂਦਾ ਤਾਂ ਸ਼ਾਇਦ ਅਜ ਇਹ ਮਾੜੇ ਦਿਨ ਦੇਖਣੇ ਨਾ ਪੈਂਦੇ । ਆਰੰਭ ਵਿਚ ਧਰਮ ਦੀ ਆਜ਼ਾਦੀ, ਰਾਜਨੀਤਕ ਅਤੇ ਆਰਥਿਕ ਬਰਾਬਰਤਾ ਅਤੇ ਸਮਾਜਕ ਸਾਂਝਾਂ ਨੂੰ ਇਮਾਨਦਾਰੀ ਨਾਲ ਲਾਗੂ ਕੀਤਾ ਜਾਂਦਾ ਤਾਂ ਅਜ ਫਿਰਕਾਪ੍ਰਸਤੀ ਦੇ ਝੱਖੜ ਨਾ ਝੁਲਦੇ । ਇਹ ਕੰਮ ਭਾਰਤ ਦੀ ਸਰਕਾਰ ਦਾ ਸੀ ਨਾ ਕਿ ਆਮ ਲੋਕਾਂ ਦਾ । ਧਰਮ, ਬੋਲੀ, ਇਲਾਕੇ ਜਾਤਾਂ ਵਿਚ ਸਾਰੀ ਜਨਤਾ ਨੂੰ ਵੰਡ ਕੇ ਰਾਜਸੀ ਹਿਤਾਂ ਲਈ ਵਰਤਿਆ ਗਿਆ । ਜਿਸ ਦਾ ਫਲ ਅਜ 39 ਸਾਲਾਂ ਪਿਛੋਂ ਸਾਡੇ ਸਾਹਮਣੇ ਹੈ ।

ਭਾਰਤ ਵਿਚ ਕੋਈ ਵੀ ਇਕ ਧਰਮ ਦਾ ਆਦਮੀ ਦੂਜੇ ਧਰਮ ਦੇ ਆਦਮੀ ਉਪਰ ਵਿਸ਼ਵਾਸ਼ ਨਹੀਂ ਕਰ ਰਿਹਾ । ਇਕ ਸੂਬਾ ਦੂਜੇ ਸੂਬੇ ਦੇ ਨਾਲ ਇਲਾਕੇ ਦੀ ਹੱਦਬੰਦੀ ਜਾਂ ਕੁਦਰਤੀ ਦੇਣਾਂ ਦੀ ਵੰਡ ਦੀ ਖਾਤਰ ਲੜ ਰਿਹਾ ਹੈ । ਇਕ ਬੋਲੀ ਬੋਲਣ ਵਾਲੇ ਦੂਜੀ ਬੋਲੀ ਦੇ ਉਲਟ ਲੜ ਰਹੇ ਹਨ । 14 ਬੋਲੀਆਂ ਦੇ 28 ਝਗੜੇ ਅਲੱਗ ਤੁਰੇ ਫਿਰਦੇ ਹਨ । ਮਜ਼ਦੂਰ ਅਤੇ ਮਾਲਕ ਦੀਆਂ ਲੜਾਈਆਂ, ਮਜ਼ਦੂਰੀ ਅਤੇ ਮੁਨਾਫੇ ਦੀ ਖਾਤਰ ਹੋ ਰਹੀਆਂ ਹਨ । ਸੂਬਿਆਂ ਵਿਚ ਰਾਜਨੀਤਕ ਤਾਕਤ ਅਤੇ ਲੋੜੀਂਦੀਆਂ ਚੀਜ਼ਾਂ ਦੀ ਕਾਣੀਵੰਡ ਹੋ ਰਹੀ ਹੈ ।

ਇਸਾਈ ਮੱਤ ਦੇ ਲੋਕਾਂ ਨੂੰ ਮਿਲਣ ਲਈ ਰੋਮ ਤੋਂ ਪੋਪ ਜੀ ਜਾ ਰਹੇ ਹਨ ਤਾਂ ਉਨ੍ਹਾਂ ਦੇ ਉਲਟ ਮੁਜ਼ਾਹਰੇ । ਸਿੱਖਾਂ ਦੇ ਗੁਰਦੁਆਰਿਆਂ ਨੂੰ ਅੱਗ ਲਾ ਕੇ ਸਾੜਿਆ ਜਾ ਰਿਹਾ ਹੈ । ਮੁਸਲਮਾਨਾਂ ਦੀਆਂ ਮਸਜਦਾਂ ਢਾਹੀਆਂ ਜਾ ਰਹੀਆਂ ਹਨ, ਬੁਧ ਜੈਨ ਅਤੇ ਪਾਰਸੀ ਧਰਮ ਨਾਮ ਮਾਤਰ ਹੀ ਰਹਿ ਗਏ ਹਨ । ਇਹ ਸਾਰੀ ਜਿੰਮੇਵਾਰੀ ਭਾਰਤ ਦੀ ਦਿੱਲੀ ਸਰਕਾਰ ਦੀ ਹੈ, ਇਹ ਸਾਰਾ ਕਸੂਰ ਉਨ੍ਹਾਂ ਦਿੱਲੀ ਦੇ ਲੀਡਰਾਂ ਦਾ ਹੈ ਜੋ 15 ਅਗਸਤ ਅਤੇ 26 ਜਨਵਰੀ ਦੇ ਭਾਸ਼ਨਾਂ ਵਿਚ ਭਾਰਤ ਵਰਸ਼ ਕਹਿਣ ਦੀ ਬਜਾਏ ਹਿੰਦੋਸਤਾਨ ਦੇ ਨਾਹਰੇ ਲਗਾਉਂਦੇ ਰਹੇ ਹਨ ਅਤੇ ਹੁਣ ਲਗਾ ਰਹੇ ਹਨ ।

### ਹੱਲ —

ਜੇਕਰ ਇਸ ਮੁਲਕ ਨੂੰ ਭਾਰਤ ਵਰਸ਼ ਅਜ ਵੀ ਬਣਾ ਦਿਤਾ ਜਾਵੇ ਤਾਂ ਹੋ ਸਕਦਾ ਹੈ ਕਿ ਬਚਾਅ ਹੋ ਜਾਵੇ । ਜਿਸ ਵਿਚ ਧਰਮ, ਬੋਲੀ ਅਤੇ ਸਮਾਜਕ ਆਜ਼ਾਦੀ ਹੋਵੇ, ਰਾਜਨੀਤਕ ਅਤੇ ਆਰਥਿਕ ਬਰਾਬਰਤਾ ਦੀ ਵੰਡ ਦਾ ਸਿਧਾਂਤ ਲਾਗੂ ਹੋਵੇ ।

ਜੇਕਰ ਇਸ ਨੂੰ ਹਿੰਦੋਸਤਾਨ ਹੀ ਬਨਾਉਣਾ ਹੈ ਜੋ ਕਿ ਪਿਛਲੇ ਸੌ ਸਾਲਾਂ ਤੋਂ ਕੀਤਾ ਜਾ ਰਿਹਾ ਹੈ ਤਾਂ ਇਹ ਹਿੰਦੋਸਤਾਨ ਜ਼ਰੂਰ ਬਣ ਜਾਵੇਗਾ ਪਰ ਨਕਸ਼ੇ ਦਾ ਸਾਈਜ਼ ਕੁਝ ਹੋਰ ਹੋਵੇਗਾ । ਅਜ ਆਖਰੀ ਮੌਕਾ ਹੈ ਕਿ ਭਾਰਤ ਵਾਸੀਓ ਇਸ ਮੁਲਕ ਨੂੰ ਭਾਰਤ ਵਰਸ਼ ਬਣਾਉ । ਬੇ-ਇਮਾਨੀ, ਬੇ-ਭਰੋਸਗੀ ਅਤੇ ਅਕ੍ਰਿਤਘਣਤਾ ਨੂੰ ਛੱਡ ਕੇ ਸੱਚ ਅਤੇ ਇਨਸਾਫ ਦਾ ਰਾਹ ਫੜੋ ।

ਬਾਕੀ ਪੰਨਾ 18 ਤੇ)


# ALLWAYS TRAVEL

IATA APPOINTED AGENCY



- For Travel Around the World
- Complete Travel Arrangements

ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਜਾਣਾ ਹੋਵੇ ਤਾਂ ਆਲਵੇਜ਼ ਟਰੈਵਲ ਤੇ ਆਓ !

ਸਾਡੇ ਕੋਲ ਟਰੈਵਲ ਦੀਆਂ ਪੂਰੀਆਂ ਸੇਵਾਵਾਂ ਹਨ

**Book Your Reservation Now For SUMMER SPECIAL FARE**

To INDIA, PAKISTAN, FIJI & LONDON etc.

ਗਰਮੀਆਂ ਵਿਚ ਇੰਡੀਆ, ਪਾਕਿਸਤਾਨ, ਫੀਜ਼ੀ ਜਾਂ ਲੰਡਨ ਜਾਣ ਲਈ ਸਪੈਸ਼ਲ ਕਿਰਾਏ ਲਈ ਆਪਣੀ ਬੁਕਿੰਗ ਕਰਾਓ

For more information : **Ph. 875-1441**

3657 Main St. (20th Ave.) Vancouver, B.C. V5V 3N6



# United Realty Ltd.

3879 Oak Street, Vancouver, B.C. V6H 2M6



Malkit Dhami,
M.A. (Eco.)

Member of Prestigious M.L.S. Medallion Club For 83-84 85-86

- **BUYING**
- **SELLING**

Free Evaluation For Your Property Call Any Time Without Any Obligation

Bus. 736-3831 or Res. 434-8548

Pager - 687-1985 #2229



# Non-smokers pay less for insurance.



Mohindar Singh Gill

MOHINDAR SINGH GILL
B. Comm., M.B.A.,C.G.A.
Life Underwriter

Ph. Off. 430-0455
Ph. Res. 433-1684

Suite 1206,
4330 Kingsway,
Burnaby, B.C.

SunLife OF CANADA

Get your life in shape.

(ਪੰਨਾ 17 ਦੀ ਬਾਕੀ)

## ਸਾਡੀ ਹਾਲਤ

ਅੱਜ ਦੋ ਸਾਲ ਹੋ ਗਏ ਹਨ ਸਾਡੇ ਧਾਰਮਿਕ ਅਸਥਾਨਾਂ ਦੀ ਬੇਪਤੀ ਕੀਤਿਆਂ ਅਤੇ ਹੋਰ ਅਨੇਕਾਂ ਜ਼ੁਲਮਾਂ ਦੇ ਦੁਖਾਂ ਨੂੰ ਸਹਿੰਦਿਆਂ ਨੂੰ। ਫਿਰ ਨਵੰਬਰ 1984 ਵਿਚ ਪੰਜਾਬ ਤੋਂ ਬਾਹਰ ਵਸਦੇ ਸਿੱਖਾਂ ਉਪਰ ਜ਼ੁਲਮ ਢਾਹੇ ਗਏ। ਹਜ਼ਾਰਾਂ ਹੀ ਦਾੜ੍ਹੀ ਪੱਗਾਂ ਵਾਲਿਆਂ ਨੂੰ ਕਤਲ ਕੀਤਾ ਗਿਆ। ਇਹ ਕੰਮ ਭਾਰਤ ਸਰਕਾਰ ਨੇ ਸਹਿ ਦੇ ਕੇ ਆਮ ਲੋਕਾਂ ਤੋਂ ਕਰਵਾਇਆ। ਜਿਸਦੇ ਸਿੱਟੇ ਵਜੋਂ ਸਾਰੇ ਭਾਰਤ ਦੇ ਲੋਕਾਂ ਨੇ ਦਸੰਬਰ 1984 ਵਿਚ ਫਿਰ ਕਾਂਗਰਸ ਨੂੰ ਤਾਕਤ ਦੇ ਕੇ ਦਿੱਲੀ ਦੇ ਤਖਤ ਉਪਰ ਪੰਜ ਹੋਰ ਸਾਲਾਂ ਲਈ ਬਿਠਾ ਦਿਤਾ।

ਪਰ ਸਤੰਬਰ 1985 ਵਿਚ ਪੰਜਾਬ ਦੇ ਲੋਕਾਂ ਨੇ ਕਾਂਗਰਸ ਨੂੰ ਹਰਾ ਦਿਤਾ। ਪਰ ਫਿਰ ਵੀ ਬਹੁਤ ਲੋਕਾਂ ਨੇ ਕਾਂਗਰਸ ਨੂੰ ਵੋਟਾਂ ਪਾਈਆਂ। ਕੀ ਕਾਰਨ ਹਨ ਜਿਨ੍ਹਾਂ ਕਰਕੇ ਕੇਵਲ ਹਾਕਮ ਹੀ ਘੱਟ ਗਿਣਤੀ ਦੇ ਲੋਕਾਂ ਦੇ ਉਲਟ ਨਹੀਂ ਹਨ ਸਗੋਂ ਉਨ੍ਹਾਂ ਨੇ ਆਮ ਲੋਕਾਂ ਨੂੰ ਵੀ ਸਿੱਖਾਂ ਦੇ ਉਲਟ ਪਰਚਾਰ ਕਰਕੇ ਕਰ ਦਿਤਾ ਹੈ ਅਸਲੀਅਤ ਇਹ ਹੈ ਕਿ ਭਾਰਤ ਦੇ ਦਿੱਲੀ ਦੇ ਹਾਕਮ ਪੂਰੀ ਤਰ੍ਹਾਂ ਕਸੂਰਵਾਰ ਹਨ ਅਤੇ ਪੂਰੀ ਤਰ੍ਹਾਂ ਜ਼ੁੰਮੇਂਵਾਰ ਹਨ ਸਿੱਖਾਂ ਉਪਰ ਜ਼ੁਲਮ ਕਰਨ ਅਤੇ ਕਰਵਾਉਣ ਦੇ ਪਰ ਉਨ੍ਹਾਂ ਨੂੰ ਫਿਰ ਵੀ ਬਹੁ ਮਤ ਪ੍ਰਾਪਤ ਹੈ। ਇਸਦੇ ਕਾਰਨ ਲਭਣੇ ਜ਼ਰੂਰੀ ਹਨ।

ਅੱਜ ਦੋ ਸਾਲ ਪਿਛੋਂ ਸਾਡੀ ਹਾਲਤ ਇਹ ਹੈ ਕਿ ਜ਼ੁਲਮ, ਧੱਕੇ ਅਤੇ ਬੇਇਨਸਾਫੀ ਦੇ ਸ਼ਿਕਾਰ ਹੋਣ ਦੇ ਬਾਵਜੂਦ ਵੀ ਸਾਡੇ ਨਾਲ ਦੁਨੀਆਂ ਦੇ ਆਮ ਲੋਕਾਂ ਦੀ ਹਮਦਰਦੀ ਘੱਟ ਰਹੀ ਹੈ। ਅਤੇ ਜ਼ਾਲਮ ਨਾਲ ਹਮਦਰਦੀ ਵਧ ਰਹੀ ਹੈ।

ਇਸ ਦਾ ਕਾਰਨ ਜ਼ਾਲਮ ਦਾ ਸ਼ਕਤੀਸ਼ਾਲੀ ਅਤੇ ਚਤਰ ਹੋਣਾ ਹੈ ਇਸਦੇ ਨਾਲ ਹੀ ਸਾਡਾ ਬੇਲਗਾਮ ਅਤੇ ਬੇਚਾਲੇ ਹੋਣਾ ਹੈ ?

## ਅਤਿਵਾਦ ਅਤੇ ਵੱਖਵਾਦ -

ਇਹ ਦੋ ਐਸੇ ਸ਼ਬਦ ਹਨ ਜਿਨ੍ਹਾਂ ਦੇ ਪਰਚਾਰ ਦੀ ਵਰਤੋਂ ਕਰਕੇ ਸਾਰੀ ਦੁਨੀਆਂ ਨੂੰ ਸਿੱਖਾਂ ਦੇ ਵਿਰੁੱਧ ਕੀਤਾ ਜਾ ਰਿਹਾ ਹੈ। ਇਸ ਵਿਚ ਅਸੀਂ ਕਸੂਰਵਾਰ ਵੀ ਪੂਰੀ ਤਰ੍ਹਾਂ ਹਾਂ। ਕੁਝ ਐਸੀਆਂ ਕਾਰਵਾਈਆਂ ਉਨ੍ਹਾਂ ਵੀਰਾਂ ਨੇ ਅਤਿਵਾਦ ਦੀਆਂ ਕੀਤੀਆਂ ਹਨ ਜਿਸ ਨਾਲ ਸਾਡੀ ਕਮਿਊਨਿਟੀ ਦਾ ਨਾਮ ਖਰਾਬ ਹੋ ਰਿਹਾ ਹੈ। ਐਸੇ ਗਲਤ ਰਸਤੇ ਅਤੇ ਗਲਤ ਮੰਜ਼ਲ ਦਾ ਐਲਾਨ ਬਿਨਾਂ ਕੁਝ ਸੋਚੇ ਸਮਝੇ ਵਿਚਾਰੇ ਤੋਂ ਅਤੇ ਗਲਤ ਸਮੇਂ ਗਲਤ ਥਾਂ ਤੋਂ ਕਰ ਚੁਕੇ ਹਨ। ਜਿਸਦਾ ਸਿੱਟਾ ਸਾਰੀ ਕੌਮ ਨੂੰ ਭੁਗਤਣਾ ਪੈ ਰਿਹਾ ਹੈ। ਬੇਕਸੂਰੇ ਲੋਕਾਂ ਉਪਰ ਤਸ਼ੱਦਦ ਦੀਆਂ ਕਾਰਵਾਈਆਂ ਕਰਨਾ, ਮਾਰ ਕੁਟਾਈ ਕਰਨਾ, ਬੋਲਣ ਅਤੇ ਲਿਖਣ ਦੀ ਆਜ਼ਾਦੀ ਖੋਹਣਾ ਆਦਿ ਗਲਤ ਕਾਰਵਾਈਆਂ ਹਨ।

ਅਸਲੀਅਤ ਇਹ ਹੈ ਕਿ ਅਤਿਵਾਦ ਵੀ ਦਿੱਲੀ ਵਿਚ ਬਹੁਗਿਣਤੀ ਨੇ ਕੀਤਾ, ਵੱਖਵਾਦ ਦੀ ਗੱਲ ਵੀ ਬਹੁਗਿਣਤੀ ਲੋਕਾਂ ਨੇ ਹੀ ਇਕ ਸਦੀ ਪਹਿਲਾਂ ਸ਼ੁਰੂ ਕੀਤੀ ਪਰ ਸ਼ਿਕਾਰ ਅਜ ਸਿੱਖ ਹੋ ਰਹੇ ਹਨ।

ਕਿਉਂਕਿ ਅਸੀਂ ਮੰਜ਼ਲ ਗਲਤ ਦਾ ਐਲਾਨ ਕਰ ਬੈਠੇ ਅਤੇ ਤਰੀਕਾ ਗਲਤ ਅਪਣਾ ਬੈਠੇ।

ਬਦਲਾ ਲੈਣਾ ਬੇਇਨਸਾਫੀ ਦਾ ਬਦਲਾ ਲਿਆ ਜਾਂਦਾ ਹੈ। ਇਹ ਇਕ ਅਟੱਲ ਸਿਧਾਂਤ ਹੈ, ਜੋ ਹਰ ਮੁਲਕ ਹਰ ਧਰਮ ਵਿਚ ਚਲਦਾ ਆ ਰਿਹਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਅਗੇ ਬੇਨਤੀ ਅਰਦਾਸ ਕੀਤੀ :-

"ਹਮਰੇ ਦੁਸਟ ਸਭੈ ਤੁਮ ਘਾਵਹੁ ॥ ਆਪੁ ਹਾਥ ਦੈ ਮੋਹਿ ਬਚਾਵਹੁ ॥
ਸੁਖੀ ਬਸੈ ਮੋਰੋ ਪਰਿਵਾਰਾ ॥ ਸੇਵਕ ਸਿਖ ਸਭੈ ਕਰਤਾਰਾ ॥
ਮੋ ਰੱਛਾ ਨਿਜ ਕਰ ਦੈ ਕਰਿਯੈ ॥ ਸਭ ਬੈਰਨ ਕੌ ਆਪ ਸੰਘਰਿਯੈ ॥"

---

"ਸੇਵਕ ਸਿਖ ਹਮਾਰੇ ਤਾਰੀਅਹਿ ॥ ਚੁਨਿ ਚੁਨਿ ਸਤ੍ਰ ਹਮਾਰੇ ਮਾਰੀਅਹਿ ॥"

"ਸਿਵਕਨ ਕੋ ਸਿਵਗੁਨ ਸੁਖ ਦੀਓ ॥ ਸਤ੍ਰੁਨ ਕੋ ਪਲ ਮੋ ਬਧ ਕੀਓ ॥"

"ਅਬ ਰੱਛਾ ਮੇਰੀ ਤੁਮ ਕਰੋ ॥ ਸਿੱਖ ਉਬਾਰਿ ਅਸਿੱਖ ਸੰਘਰੋ ॥
ਦੁਸ਼ਟ ਜਿਤੇ ਉਠਵਤ ਉਤਪਾਤਾ ॥ ਸਕਲ ਮਲੇਛ ਕਰੋ ਰਣਘਾਤਾ ॥"

ਹੇ ਅਕਾਲ ਪੁਰਖ ਜਿਨ੍ਹਾਂ ਦੁਸ਼ਟਾਂ ਨੇ ਐਸੇ ਐਸੇ ਜ਼ੁਲਮ ਕੀਤੇ ਉਨ੍ਹਾਂ ਦਾ ਨਾਸ਼ ਕਰੋ। ਜ਼ਾਲਮ ਅਤੇ ਜ਼ੁਲਮ ਨੂੰ ਖਤਮ ਕਰਨ ਲਈ ਸਮੇਂ ਅਨੁਸਾਰ ਕਾਰਵਾਈ ਕਰਨੀ ਅਤੇ ਕੀਤੇ ਜ਼ੁਲਮ ਦੀ ਸਜਾ ਦੇਣੀ ਇਹ ਕੁਦਰਤ ਦਾ ਅਸੂਲ ਹੈ। ਬੇਸ਼ੱਕ ਉਹ ਜ਼ੁਲਮ ਰਾਵਣ ਨੇ ਕੀਤਾ ਤਾਂ ਸ੍ਰੀ ਰਾਮ ਚੰਦਰ ਜੀ ਨੇ ਸਜ਼ਾ ਦਿਤੀ। ਬੇਸ਼ੱਕ ਉਹ ਜ਼ੁਲਮ ਕੰਸ ਨੇ ਕੀਤਾ ਤਾਂ ਸ੍ਰੀ ਕ੍ਰਿਸ਼ਨ ਜੀ ਨੇ ਸਜ਼ਾ ਦਿਤੀ। ਬੇਸ਼ੱਕ ਉਹ ਜ਼ੁਲਮ ਸੂਬੇ ਸਰਹੰਦ ਨੇ ਕੀਤਾ ਤਾਂ ਬੰਦਾ ਸਿੰਘ ਬਹਾਦਰ ਨੇ ਸਜ਼ਾ ਦਿਤੀ। ਬੇਸ਼ੱਕ ਉਹ ਜ਼ੁਲਮ ਮਾਈਕਲ ਅਡਵਾਇਰ ਨੇ ਕੀਤਾ ਤਾਂ ਸ: ਊਧਮ ਸਿੰਘ ਜੀ ਨੇ ਸਜ਼ਾ ਦਿਤੀ ਇਤਿਆਦ ਇਹ ਇਕ ਲੰਬਾ ਸਿਲਸਿਲਾ ਹੈ ਜੋ ਕੁਦਰਤ ਦੇ ਅਸੂਲ ਨਾਲ ਚਲਦਾ ਹੀ ਰਹਿਣਾ ਹੈ ਅਤੇ ਚਲਦਾ ਹੀ ਆਇਆ ਹੈ।

ਪਰ ਬੇਗੁਨਾਹਾਂ ਉਪਰ ਤਸ਼ੱਦਦ ਕਰਨਾ ਕੋਈ ਬਹਾਦਰੀ ਨਹੀਂ ਹੈ। ਇਹ ਕੁਝ ਕਰਨ ਨਾਲ ਮਿਲੇਗਾ ਕੁਝ ਨਹੀਂ ਸਗੋਂ ਆਪਣਾ ਆਪ ਤਬਾਹ ਹੋਵੇਗਾ :-

"ਗਰੀਬਾ ਉਪਰਿ ਜਿ ਖਿੰਜੈ ਦਾੜੀ ॥
ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ ॥
ਪੂਰਾ ਨਿਆਉ ਕਰੇ ਕਰਤਾਰੁ ॥
ਅਪੁਨੇ ਦਾਸ ਕਉ ਰਾਖਨਹਾਰੁ ॥"

## ਲੀਡਰਸ਼ਿਪ

ਸਾਡੀ ਕੌਮ ਦੀ ਇਕ ਐਸੀ ਵੱਡੀ ਗਿਣਤੀ ਵਿਚ ਲੀਡਰਸ਼ਿਪ ਪਿਛਲੇ 60 ਸਾਲਾਂ ਤੋਂ ਆ ਰਹੀ ਹੈ, ਜਿਸ ਨੂੰ ਹਰ ਗੱਲ ਦਾ ਪੂਰਾ ਪੂਰਾ ਗਿਆਨ ਪ੍ਰਾਪਤ ਸੀ ਅਤੇ ਹੁਣ ਵੀ ਪ੍ਰਾਪਤ ਹੈ। ਜਿਸ ਨੂੰ ਅਜ ਦੇ ਹੋਏ ਹਾਲਾਤ ਦਾ ਪਿਛਲੇ 45 ਸਾਲਾਂ ਤੋਂ ਪਤਾ ਸੀ। ਪਰ ਉਹ ਠੀਕ ਸਮੇਂ ਉਪਰ ਠੀਕ ਕਾਰਵਾਈ ਕਰਨ ਵਿਚ ਅਸਫਲ ਰਹੇ। ਕਿਉਂਕਿ ਉਨ੍ਹਾਂ ਲੀਡਰਾਂ ਨੂੰ ਸਾਰੀ ਸਚਾਈ ਦਾ ਗਿਆਨ ਸੀ ਕਿ ਉਨ੍ਹਾਂ ਦੀ ਕੌਮ ਕਿਤਨੀ ਕੁ ਮਜ਼ਬੂਤ ਹੈ ਅਤੇ ਕੀ ਕੁਝ ਕਰ ਜਾਂ ਕਰਵਾ ਸਕਦੀ ਹੈ ਉਹ ਸਿਰਫ ਅਜ ਦੇ ਘੱਲੂਘਾਰੇ ਨੂੰ ਅਸਲ ਤਾਰੀਕ ਤੋਂ ਕੇਵਲ 34 ਜਾਂ 35 ਸਾਲ ਲੇਟ ਹੀ ਕਰ ਸਕੇ ਹਨ। ਪਰ ਇਸਦਾ ਪੱਕਾ ਹੱਲ ਕਰਨ ਵਿਚ ਨਾਕਾਮਯਾਬ ਰਹੇ ਕਿਉਂਕਿ ਸਿੱਖਾਂ ਦੀ ਨਿਤ ਦੀ ਅਰਦਾਸ ਵਿਚ "ਵਿਸਾਹ ਦਾਨ" ਲਈ ਬੇਨਤੀ ਹੈ ਜੋ ਕਿ ਸਤਿਗੁਰੂ ਜੀ ਨੇ ਸਿੱਖਾਂ ਨੂੰ "ਵਿਸਾਹ ਦਾਨ" ਦਿਤਾ ਪਰ ਬਹੁ ਗਿਣਤੀ ਨੇ ਇਸ ਦੇ ਬਦਲੇ "ਵਿਸਾਹਘਾਤ" ਕੀਤਾ ਹੈ।

ਪਿਛਲੇ ਸਾਲ ਹੀ ਜੁਲਾਈ 1985 ਵਿਚ ਸਮਝੌਤਾ ਕਰਨ ਸਮੇਂ ਪੂਰੀ ਤਰ੍ਹਾਂ ਪਤਾ ਸੀ ਕਿ ਹੁਣ ਵੀ "ਵਿਸਾਹਘਾਤ" ਹੋਵੇਗਾ, ਪਰ ਕੋਈ ਹੋਰ ਚਾਰਾ ਹੀ ਨਹੀਂ ਸੀ ਇਸ ਮੰਝਧਾਰ ਵਿਚੋਂ ਨਿਕਲਣ ਦਾ। ਉਹ ਬੇਬਸੀ ਦੀ ਹਾਲਤ ਸੀ। ਜੋ ਕਿਸੇ ਸਮੇਂ ਸ੍ਰੀ ਆਨੰਦਪੁਰ ਸਾਹਿਬ ਛੱਡਣ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਾਲਾਤਾਂ ਉਪਰ ਠੀਕ ਢੁਕਦੀ ਹੈ। ਜਿਨ੍ਹਾਂ ਨੂੰ ਪਤਾ ਸੀ ਕਿ ਸਾਡੇ ਨਾਲ ਧੋਖਾ ਹੋਣਾ ਹੈ ਪਰ ਹਾਲਾਤਾਂ ਅਨੁਸਾਰ ਉਹ ਕੰਮ ਕਰਨਾ ਉਸ ਸਮੇਂ ਜ਼ਰੂਰੀ ਸੀ। ਅਜੇ ਵੀ ਜੇ ਕਰ ਸੰਭਾਲ ਕਰ ਲਈ ਜਾਵੇ ਤਾਂ ਚੰਗੀ ਗੱਲ ਹੈ, ਸਮੇਂ ਨੇ ਤਾਂ ਆਪਣੀ ਚਾਲ ਚਲਦੇ ਹੀ ਜਾਣਾ ਹੈ।

ਦੂਸਰੀ ਸਾਡੀ ਲੀਡਰਸ਼ਿਪ ਇਕ ਐਸੀ ਕਿਸਮ ਦੀ ਵੀ ਹੈ ਜੋ ਜਜ਼ਬਾਤੀ ਹੈ, ਜਿਸ ਨੂੰ ਆਪਣੀ ਅਤੇ ਦੁਸ਼ਮਣ ਦੀ ਸ਼ਕਤੀ ਅਤੇ ਸੋਚਣੀ ਬਾਰੇ ਪੂਰਾ ਗਿਆਨ ਨਹੀਂ ਹੈ। ਆਪਣੀ ਹੀ ਕੌਮ ਦੀਆਂ ਆਦਤਾਂ, ਮਜ਼ਬੂਰੀਆਂ ਅਤੇ ਸ਼ਕਤੀ ਦਾ ਅੰਦਾਜ਼ਾ ਉਨ੍ਹਾਂ ਨੂੰ ਨਹੀਂ ਹੈ। ਉਹ ਸਭ ਨੂੰ ਆਪਣੇ ਵਰਗਾ ਹੀ ਸਮਝਦੇ ਹਨ। ਇਸ ਲਈ ਸਮੇਂ ਸਮੇਂ ਐਸੀਆਂ ਐਸੀਆਂ ਬੇ ਮੌਕੇ ਦੀਆਂ ਗਲਤ ਕਾਰਵਾਈਆਂ ਦੇ ਫੈਸਲੇ ਕਰਦੇ ਰਹੇ ਕਿ ਕੌਮ ਦਾ ਲਾਭ ਕਰਨ ਦੀ ਬਜਾਏ ਨੁਕਸਾਨ ਜ਼ਿਆਦਾ ਕਰਵਾ ਬੈਠੇ। ਕਸੂਰ ਉਨ੍ਹਾਂ ਦਾ ਵੀ ਨਹੀਂ ਕਿਉਂਕਿ ਉਹ ਆਪ ਪੂਰੇ ਵਿਸ਼ਵਾਸ਼ੀ ਅਤੇ ਲਗਨ ਵਾਲੇ ਹਨ, ਪਰ ਉਨ੍ਹਾਂ ਨੂੰ ਸਾਰੀ ਕੌਮ ਦੇ ਹਿਤਾਂ ਦਾ ਗਿਆਨ ਨਹੀਂ ਹੈ

ਤੀਸਰੀ ਸਾਡੀ ਲੀਡਰਸ਼ਿਪ ਮੌਕਾ ਪ੍ਰਸਤ ਹੈ। ਜੋ ਸਮੇਂ ਸਮੇਂ ਅਨੁਸਾਰ ਪੈਂਤੜੇ ਬਦਲਦੀ ਰਹਿੰਦੀ ਹੈ। ਜਿੰਨ੍ਹਾਂ ਦਾ ਮੁਖ ਕੰਮ ਆਪਣੀ ਕੁਰਸੀ ਕਾਇਮ ਰਖਣਾ ਹੈ। ਕੌਮ ਦੀ ਕੋਈ ਪ੍ਰਵਾਹ ਨਹੀਂ ਹੈ। ਅਸਲ ਵਿਚ ਜ਼ਿਆਦਾ ਸਾਡਾ ਨੁਕਸਾਨ ਮੌਕਾਪ੍ਰਸਤ ਲੀਡਰਸ਼ਿਪ ਨੇ ਕੀਤਾ ਅਤੇ ਕਰਵਾਇਆ ਹੈ। ਜੋ ਕਿਸੇ ਸੱਚ ਦੇ ਅਸੂਲ ਉਪਰ ਚਲਣ ਦੀ ਬਜਾਏ ਸਮੇਂ ਸਮੇਂ ਲੋਕਾਂ ਦੇ ਜਜ਼ਬਾਤਾਂ ਦਾ ਫਾਇਦਾ ਉਠਾ ਕੇ ਆਪਣੀ ਹਉਮੈ ਨੂੰ ਪੱਠੇ ਪਾਉਂਦੇ ਰਹਿੰਦੇ ਹਨ। ਜਿਵੇਂ ਕਿ ਮਿਸਾਲ ਦੇ ਤੌਰ ਉਪਰ ਕੌਮ ਉਪਰ ਬੀਤ ਰਹੇ ਇਸ ਬਿਪਤਾ ਦੇ ਕਾਲ ਵਿਚ ਉਨ੍ਹਾਂ ਨੇ ਕੀ ਕੀ ਕੀਤਾ ਹੈ :- ਪੁਛਣ ਉਪਰ ਦੱਸਿਆ ਕਿ ਸਾਨੂੰ ਪੰਜਾਬ ਵਿਚ ਸਾਡੀ ਜ਼ਮੀਨ ਦਾ ਫਿਕਰ ਹੈ, ਸਾਡੇ ਰਿਸ਼ਤੇਦਾਰ ਸੈਰ ਲਈ ਪੰਜਾਬ ਗਏ ਹੋਏ ਹਨ ਸਾਨੂੰ ਫਿਕਰ ਹੈ, ਸਾਡੇ ਰਿਸ਼ਤੇਦਾਰ ਬਚ ਨਿਕਲ ਆਏ ਹਨ ਸਾਨੂੰ ਖੁਸ਼ੀ ਹੈ। ਅਸੀਂ ਪੰਜਾਬ ਵਿਚ ਬਲ੍ਹ ਰਹੀ ਸ਼ਮ੍ਹਾਂ ਦੀਆਂ ਤਾਜੀਆਂ ਖਬਰਾਂ ਅਤੇ ਸਕੀਮਾਂ ਬਣਾ ਕੇ ਆਏ ਹਾਂ ਸਾਨੂੰ ਲੀਡਰ ਮੰਨੋ। ਅਸੀਂ ਨਵੀਂ ਜਥੇਬੰਦੀ ਬਣਾਈ ਹੈ ਜੋ ਸਿੱਖਾਂ ਦੇ ਸਾਰੇ ਦੁਖ ਦੂਰ ਕਰੇਗੀ ਮੈਂਬਰ ਬਣੋ। ਸਾਨੂੰ ਸਾਡੀ ਸਕੀਮ ਨਾ ਪੁਛੋ ਤੁਸੀਂ ਹਰ ਸਾਲ ਸਾਡੀ ਸੰਸਥਾ ਦੀ ਮੈਂਬਰਸ਼ਿਪ ਫੀਸ ਦੇ ਪੈਸੇ ਦੇਈ ਜਾਵੋ। ਅਸੀਂ ਹੁਣ ਘੱਲੂਘਾਰਾ ਸੇਲ ਲਾਈ ਹੈ, ਸਸਤੇ ਪੈਸਿਆਂ ਵਿਚ ਫੈਸ਼ਨ ਦਾ ਸਮਾਨ ਅਤੇ ਗਾਣਿਆਂ ਦੀਆਂ ਟੇਪਾਂ ਲਵੋਂ। ਸਾਡੇ ਘੱਲੂਘਾਰਾ ਐਡੀਸ਼ਨ ਵਿਚ ਇਸ਼ਤਿਹਾਰ ਦੇ ਕੇ ਕਮਾਈ ਕਰੋ ਅਤੇ ਕਰਵਾਉ।

ਜੋ ਸਾਡੇ ਇਸ਼ਾਰਿਆਂ ਉਪਰ ਨਹੀਂ ਚਲਦੇ ਉਨ੍ਹਾਂ ਨੂੰ ਮਾਰਕੁਟਾਈ ਅਤੇ ਗਾਲੀ ਗਲੋਚ ਕਰੋ। ਲੋਕਾਂ ਵਿਚ ਦਹਿਸ਼ਤ ਫੈਲਾਓ ਅਤੇ ਅਫਵਾਹਾਂ ਉਡਾਓ ਤਾਂਕਿ ਆਪਣੀ ਚੌਧਰ ਬਣੀ ਰਹੈ। ਸ਼ਹੀਦਾਂ ਦੇ ਨਾਮ ਉਪਰ ਫੰਡ ਜਮ੍ਹਾਂ ਕਰੋ। ਰੋ ਰੋ ਕੇ ਜਾਂ ਉਚੀ ਉਚੀ ਲੈਕਚਰ ਕਰੋ, ਨਾਹਰੇ ਲਾਵੋ ਤਾਂ ਕਮਾਈ ਚੰਗੀ ਹੋਵੇਗੀ। ਇਹ ਘੱਲੂਘਾਰੇ ਦੇ ਦਿਨ ਫਿਰ ਇਕ ਸਾਲ ਮਗਰੋਂ ਆਉਣੇ ਹਨ ਇਸ ਲਈ ਇਸੇ ਹਫਤੇ ਪੈਸੇ ਇਕੱਠੇ ਕਰੋ।

ਸਾਡੀ ਕੌਮ ਦਾ ਅਸਲ ਵਿਚ ਨੁਕਸਾਨ ਅੰਦਰੋਂ ਅੰਦਰੀਂ ਬੇ-ਲਗਾਮ ਅਤੇ ਬੇਚਾਲੇ ਪਈ ਤੀਸਰੀ ਕਿਸਮ ਦੀ ਲੀਡਰਸ਼ਿਪ ਨੇ ਬਹੁਤ ਕੀਤਾ ਹੈ। ਜੋ ਕਿ ਸਦਾ ਬਹਾਰ ਰਹਿੰਦੀ ਹੈ, ਹਰ ਦੋ ਸਾਲ ਬਾਦ ਪੈਂਤੜਾ ਫਿਰ ਬਦਲ ਲਵੇਗੀ।

"ਕਲਿ ਆਈ ਕੁਤੇ ਮੁਹੀ, ਖਾਜੁ ਹੋਆ ਮੁਰਦਾਰ ਗੁਸਾਈ ॥
ਰਾਜੇ ਪਾਪ ਕਮਾਵਦੇ, ਉਲਟੀ ਵਾੜ ਖੇਤ ਕਉ ਖਾਈ ॥
ਪਰਜਾ ਅੰਧੀ ਗਿਆਨ ਬਿਨੁ, ਕੂੜ ਕੁਸਤਿ ਮੁਖਹੁ ਆਲਾਈ ॥"

ਜੋ ਮੂੰਹ ਵਿਚ ਆਉਂਦਾ ਹੈ ਬੋਲੀ ਜਾ ਰਹੇ ਹਨ, ਵਿਚਾਰੀ ਜਨਤਾ ਗੁੰਮਰਾਹ ਹੋ ਰਹੀ ਹੈ, ਅਸਲੀਅਤ ਤੋਂ ਦੂਰ ਜਾ ਰਹੀ ਹੈ ਕਿਉਂਕਿ ਲੀਡਰ ਹੀ ਕੁਰਾਹੇ ਪੈ ਚੁਕੇ ਹਨ।

## ਅੱਜ ਲੋੜ ਹੈ —

ਲੋੜ ਹੈ 1984 ਦੇ ਘੱਲੂਘਾਰੇ ਦੇ ਸ਼ਹੀਦਾਂ ਤੋਂ ਸਿਖਿਆ ਲੈ ਕੇ ਅੰਮ੍ਰਿਤਧਾਰੀ ਹੋ ਕੇ ਤਿਆਰ-ਬਰ-ਤਿਆਰ ਸਿੰਘ ਸਜੀਏ, ਕੌਮ ਦੀ ਪਨੀਰੀ ਨੂੰ ਗੁਰਸਿਖ ਬਣਾਈਏ। ਘੱਲੂਘਾਰੇ ਦੇ ਸ਼ਰਨਾਰਥੀਆਂ ਦੀ ਆਰਥਿਕ ਅਤੇ ਮਾਨਸਿਕ ਤੌਰ ਉਪਰ ਸੇਵਾ ਸੰਭਾਲ ਕਰੀਏ। ਐਸੇ ਉਪਰਾਲੇ ਕਰੀਏ ਕਿ ਮੁੜ ਕੇ ਅਜੇਹੇ ਦੁਖਦਾਈ ਦਿਨ ਸਾਡੀ ਕੌਮ ਨੂੰ ਦੇਖਣੇ ਨਾ ਪੈਣ। ਇਸ ਘੱਲੂਘਾਰੇ ਦੇ ਜ਼ੁੰਮੇਂਵਾਰ ਅਤੇ ਕਸੂਰਵਾਰ ਲੋਕਾਂ ਨੂੰ ਕਾਨੂੰਨ ਅਨੁਸਾਰ ਯੋਗ ਸਜਾ ਦਿਵਾਉਣ ਲਈ ਉਪਰਾਲੇ ਕਰੀਏ। ਜੋ ਸਮਝੌਤਾ ਜੁਲਾਈ 1985 ਵਿਚ ਭਾਰਤ ਵਿਚ ਹੋਇਆ ਸੀ ਉਸ ਨੂੰ ਲਾਗੂ ਕਰਵਾਉਣ ਲਈ ਯੋਗ ਕਾਰਵਾਈਆਂ ਕਰੀਏ। ਅਣਖ ਵਾਲਾ ਸੱਚਾ ਅਤੇ ਸੁੱਚਾ ਜੀਵਨ ਜੀਵੀਏ ਤਾਂਕਿ ਸਾਰੀ ਦੁਨੀਆਂ ਵਿਚ ਸਿੱਖਾਂ ਦੀ ਖੁਸ਼ਬੋ ਵਧੇ ਅਤੇ ਫੁਲੇ।

## ਪੰਥਕ ਏਕਤਾ —

ਫੋਕੀਆਂ ਲੀਡਰੀਆਂ ਅਤੇ ਫੋਕੀਆਂ ਫੜਾਂ ਮਾਰਨੀਆਂ ਛੱਡੀਏ। ਹੁਣ ਸਾਰੀ ਦੁਨੀਆਂ ਨੇ ਸਾਡੀ ਸਿਆਣਪ ਦੋ ਸਾਲਾਂ ਵਿਚ ਬਹੁਤ ਦੇਖ ਲਈ ਹੈ। ਕੁਰਸੀ ਦੀ ਖਾਤਰ ਕੁਰਸੀ ਦਾ ਵਿਰੋਧ ਕਰਨ ਦੀ ਬਜਾਏ ਅਸਲੀ ਮਸਲੇ ਨੂੰ ਸੁਲਝਾਉਣ ਲਈ ਕੋਈ ਵਿਚਾਰ ਕਰੋ। ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਵਿਚ ਆਇਆਂ ਹੀ ਕੋਈ ਗੱਲ ਹੋ ਸਕੇਗੀ। ਏਕਤਾ ਅਸੂਲਾਂ ਦੇ ਅਧਾਰ ਉਪਰ ਹੁੰਦੀ ਹੈ ਨਾ ਕਿ ਧੜੇਬਾਜ਼ੀਆਂ ਜਾਂ ਜ਼ੋਰ ਅਤੇ ਦਬਾਅ ਨਾਲ। ਸੱਚ ਦੇ ਅਸੂਲ ਨੂੰ ਮੰਨਣ ਵਾਲੇ ਇਕ ਥਾਂ ਇਕੱਠੇ ਹੋ ਕੇ ਕੋਈ ਵੀ ਕੰਮ ਕਰ ਸਕਦੇ ਹਨ। ਆਪਦੀ ਹਉਮੈਂ ਛੱਡਣੀ ਪਹਿਲਾਂ ਅਤੀ ਜ਼ਰੂਰੀ ਹੈ ਅਤੇ ਲੀਡਰੀ ਦੀ ਕੁਰਬਾਨੀ ਪਹਿਲਾਂ ਦੇ ਕੇ ਅਤੇ ਫਿਰ ਸੱਚ ਦੇ ਅਸੂਲਾਂ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਗ ਕੇ ਹੀ ਸਭ ਕਾਰਜ ਰਾਸ ਹੋ ਸਕਦੇ ਹਨ।

"ਆਪੁ ਤਿਆਗਿ ਸਰਣੀ ਪਵਾਂ, ਮੁਖਿ ਬੋਲੀ ਮਿਠੜੇ ਵੈਣ ॥
ਜਨਮ ਜਨਮ ਕਾ ਵਿਛੁੜਿਆ, ਹਰਿ ਮੇਲਹੁ ਸਜਣ ਸੈਣ ॥"

---

# Indian Cooking

## Chicken Pillau

1 chicken (3 lb.)

2 lb. rice, — 2 onions, sliced, — 1 cup butter, — 3 cup curd, — 1 oz. garlic, — 1 oz. green chillies, — 1 dsp. coriander, — 1 tsp. jhira, — 1 tsp. cinnamon, — 4-5 cardamoms, — 4-5 cloves, — Pinch of saffron Salt

Fry the onions brown in the butter. Remove from pan and, when cool, pound them. Place the chicken, cut in largish pieces in the butter. Add the ginger and chillies (pulped), the cloves, coriander, cinnamon and curd. Pulp the garlic in 1 cup water and pour into pan. Add sufficient water to cook the chicken and rice. Cook for 10 minutes. Place the rice, already parboiled and drained, on the chicken. Cover and seal the pan with a flour paste and cook on a slow heat for 30 minutes. Before serving sprinkle with the saffron water [saffron soaked in 1 tbls. boiling water].

Mutton or beef can be used instead of chicken.

---

NORTH AMERICAN LIFE ASSURANCE co.



Sunil Ahuja

SUNIL AHUJA
representative

☐ Life Insurance
☐ Mortgage Insurance
☐ Children's Educational Plans
☐ R R S P

Bus. 685-9335
Res. 581-6546

320, 815 West Hasting St.
VANCOUVER, B.C. V6C 2W1

# Press Release

## Nacoi to Celebrate Tenth Anniversary In Vancouver In August

We are pleased to announce that the National Association of Canadians of origins in India(NACOI) will hold its eleventh Annual General Conference at Vancouver Community College, King Edward Campus, 1155 East Broadway, Vancouver, B.C. from August 22nd to August 25th, 1986.

NACOI is a non-profit umbrella organization . which provides a collective National voice for Canadians of origions in India and represents their interests. It encourages Canadians of origins in India to whole heartedly participate in Canadian society while retaining their own culture. It protects and assures the rights of Indo-Canadians in the Canadians multicultural mosaic so that our contributions are duly recognised by the society at large.

NACOI was formed ten years ago on August 29, 1976 in Ottawa. It has since expanded from coast to coast with chapters in every province. NACOI now has thirty-one chapters and a network of sixty-five regional, social, and religious affliated organizations to serve the community.

In celebration of the tenth anniversary, we have decided to issue a special souvenir booklet to highlight achievements of NACOI within its last ten years of service to the Canadians and particularly to those of origins in India. NACOI has worked hand in hand with other associations of non-Indo-Canadian backgrounds with full enthusiasm for the promotion of general interests of the people of Canada. NACOI's participation in the projects, programs and studies initiated by the government agencies is particularly recognised by the Civic, Provincial and Federal Governments throughout Canada.

Traditionally, National conventions are held in different cities in various parts of Canada every year. This is the second time that we have the honour to host the conference in B.C. It would be a great opportunity to meet with delegates and other participants from all across Canada to, show them our city and Expo'86 and to share our views and concerns with them. Further details will follow from time to time.

We invite your participation and suggestions for the success of this convention. Those who are not members yet are welcomed to join.

yours truly
Mohinder J.S. Grewal
National President — (604) 271-7428
Janwarjit S. Sandhu
President, B.C. Chapter

"ਨਾ ਕੋ ਬੈਰੀ ਨਾਹਿ ਬੇਗਾਨਾ..."
"ਮਾਨਸ ਕੀ ਜਾਤ ਸਬ ਏਕੇ ਪਹਿਚਾਨਬੋ ।"

# ਕਕਾਰ ਫੌਜੀ ਵਰਦੀ ਹੈ ?

**ਮੇਹਰ ਸਿੰਘ ਸੰਧੂ ਵੈਨਕੂਵਰ**

ਗੁਰੂਆਂ ਦਾ ਗੁਰੂ ਨਿਰੰਕਾਰ ਆਪ ਹੈ ।

ਉਸ ਦਾ ਸਾਰੀ ਮਨੁੱਖਾ ਜਾਤੀ ਨੂੰ ਇਕੋ ਹੀ ਹੁਕਮ ਹੈ — ਏਕੋ ਨਾਮੁ ਹੁਕਮ ਹੈ
ਨਾਨਕ ਸਤਿਗੁਰਿ ਦੀਆ ਬੁਝਾਇ ਜੀਉ । (72)
ਗੁਰੂ ਨਾਨਕ ਦੇ ਘਰੁ ਵੀ ਕੇਵਲ ਨਾਮ ਹੀ ਦੱਸਿਆ ਹੈ —
ਨਾਨਕ ਕੈ ਘਰਿ ਕੇਵਲ ਨਾਮੁ ॥ (1136)

ਗੁਰੂ ਮਹਾਰਾਜ ਅਨੁਸਾਰ ਮਨੁੱਖ ਦਾ ਜਨਮ ਮਨੋਰਥ ਕੇਵਲ ਪ੍ਰਭੂ ਸਿਮਰਨ ਹੈ — ਸਾਰੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਮੁਢਲਾ ਹੁਕਮ — 'ਏਕੋ ਨਾਮੁ' ਹੈ। ਹਰੀ ਭਜਨ ਹੀ ਗੁਰੂ ਨਾਨਕ ਦਾ ਮਿਸ਼ਨ ਸੀ, ਇਹ ਹੀ ਉਨ੍ਹਾਂ ਦੀ ਸਿਖਿਆ ਸੀ ਤੇ ਇਹ ਹੀ ਉਨ੍ਹਾਂ ਦਾ ਹੁਕਮ ਸੀ ।

ਜਿਥੋਂ ਤੱਕ ਆਤਮਕ ਉਨਤੀ ਦਾ ਸੰਬੰਧ ਹੈ, ਬਾਕੀ ਸਾਰੇ ਗੁਰੂ ਸਾਹਿਬਾਨ ਨੇ ਇਸੇ ਮਿਸ਼ਨ ਨੂੰ, ਬਿਨਾਂ ਕਿਸੇ ਵਧਾ ਘਟਾ ਜਾਂ ਤਰਮੀਮ ਦੇ, ਹੋਰ ਦ੍ਰਿੜਾਉਣ ਦੇ ਯਤਨ ਕੀਤੇ ।

ਕਿਸੇ ਨੇ ਕੋਈ ਨਵਾਂ ਪੂਰਨਾ ਨਹੀਂ ਪਾਇਆ। ਗੁਰੂ ਨਾਨਕ ਦੇ ਘਰ ਕੇਵਲ ਨਾਮ ਹੀ ਸੀ ਤੇ ਉਨ੍ਹਾਂ ਦੀਆਂ ਸੇਧਾਂ ਪ੍ਰਤੱਖ ਸਨ ।

ਗੁਰੂ ਨਾਨਕ ਦੀ ਗੱਦੀ ਦੀ ਜਾਂਨ — ਨਸ਼ੀਨੀ ਕਿਸੇ ਰੂਪ ਵਾਦੀ ਸਿਧਾਂਤ ਤੇ ਆਧਾਰਤ ਨਹੀਂ ਸੀ ਸਗੋਂ ਨਿਰੋਲ ਵਿਚਾਰਧਾਰਾ ਦੀ ਪੱਧਰ ਤੇ ਉਤਮ ਸਿੱਖ ਨੂੰ ਦਿੱਤੀ ਜਾਂਦੀ ਸੀ । ਹਰ ਧਰਮ ਦੀ ਵਿਚਾਰਧਾਰਾ ਮਨੁੱਖ ਤੇ ਮਨੁੱਖਤਾ ਨੂੰ ਸ੍ਰੇਸ਼ਟ ਮੰਨਦੀ ਹੈ ਪਰ ਰੂਪਵਾਦ ਤਕ ਸੀਮਤ ਰਹਿ ਕੇ ਮਨੁੱਖ ਤੇ ਮਨੁੱਖਤਾ ਦੀ ਦੁਰਗਤੀ ਕਰਦੀ ਹੈ। ਗੁਰੂ ਨਾਨਕ ਨੇ ਹਰ ਧਰਮ ਦੇ ਅਰਥ - ਸਖਣੇ ਰੂਪਵਾਦ ਨੂੰ ਭੰਡਿਆ ਅਤੇ ਧਰਮਾਂ ਦੇ ਸੁਚੱਜੇ ਵਿਚਾਰਾਂ ਨੂੰ ਰੂਪਵਾਦ ਤੋਂ ਉਪਰ ਉਠ ਕੇ ਇਕ ਵਿਚਾਰਧਾਰਾ ਵਿਚ ਬੰਨ੍ਹਿਆ। ਇਸ ਵਿਚਾਰਧਾਰਾ ਵਿਚ ਗੁਰਸਿਖ ਹੀ ਹੋ ਸਕਦਾ ਸੀ ਸ਼ਾਇਦ ਇਸ ਲਈ ਇਸ ਵਿਚਾਰਧਾਰਾ ਨੂੰ ਸਿਖ ਧਰਮ ਦਾ ਨਾਂ ਦਿੱਤਾ ਗਿਆ।

ਗੁਰੂ ਨਾਨਕ ਨੇ ਹਿੰਦੂ ਅਤੇ ਮੁਸਲਮਾਨ ਧਰਮ ਅਤੇ ਹੋਰ ਮੱਤਾਂ ਨੂੰ ਸਦਾਚਾਰਕ ਗੁਣ ਪਰਦਾਨ ਕਰ ਕੇ ਨਵੇਂ ਅਰਥਾਂ ਵਿਚ ਪੇਸ਼ ਕੀਤਾ। ਧਰਮਾਂ ਨਾਲੋਂ ਸਦਾਚਾਰਕ ਗੁਣਾਂ ਨੂੰ ਮਹੱਤਾ ਦਿਤੀ ਅਤੇ ਇਕ ਰੱਬ ਦੇ ਨਾਮ ਨੂੰ ਸਿਮਰਨ ਦੀ ਪਰੇਰਨਾ ਦਿਤੀ। ਅਜਿਹੇ ਦਰਸ਼ਨ ਅਨੁਸਾਰ ਕੋਈ ਵੀ ਵਿਅਕਤੀ ਹਿੰਦੂ ਜਾਂ ਮੁਸਲਮਾਨ ਹੁੰਦਾ ਹੋਇਆ ਵੀ ਗੁਰੂ ਨਾਨਕ ਦਾ ਪੈਰੋਕਾਰ ਬਣ ਸਕਦਾ ਸੀ। ਇਹ ਠੀਕ ਹੈ ਕਿ ਗੁਰੂ ਨਾਨਕ ਦੀ ਪਰਦਾਨ ਕੀਤੀ ਚੇਤਨਤਾ ਅਤੇ ਪੇਸ਼ ਕੀਤਾ ਦਰਸ਼ਨ ਕੁਝ ਸਦੀਆਂ ਬਾਅਦ ਸਿਖ ਧਰਮ ਨੂੰ ਪੈਦਾ ਕਰਨ ਵਿਚ ਸਹਾਈ ਹੋਇਆ

ਪਰ ਗੁਰੂ ਨਾਨਕ ਨੂੰ ਸਿਖ ਧਰਮ ਦੀ ਬਾਨੀ ਕਹਿ ਕੇ ਸੀਮਤ ਕਰਨਾ ਇਕ ਸੁਚੱਜੇ ਜੀਵਨੀਕਾਰ ਦਾ ਕਰਮ ਨਹੀਂ ।

ਭਾਈ ਮਨੀ ਸਿੰਘ ਜੀ 'ਸਿੱਖਾਂ ਦੀ ਭਗਤ ਮਾਲ' ਵਿਚ ਲਿਖਦੇ ਹਨ ਕਿ ਜਦ ਕਾਜ਼ੀ ਨੇ ਪੁੱਛਿਆ ਕਿ 'ਨਾਨਕ ! ਤੂੰ ਹਿੰਦੂ ਹੈਂ ਕਿ ਮੁਸਲਮਾਨ ਤਾਂ ਬਾਬੇ ਨੇ ਉਤਰ ਦਿਤਾ :

'ਹਉ ਹਰਿ ਬਿਨੁ ਅਵਰੁ ਨਾ ਜਾਨਾ',
ਦੇਹ ਹੀ ਹਿੰਦੂ ਹੈ, ਦੇਹ ਹੀ ਮੁਸਲਮਾਨ ਹੈ
ਮੈਂ ਦੇਹ ਦਾ ਸਾਖੀ ਨਿਆਰਾ ਹਾਂ ।'

ਗੁਰੂ ਅਰਜਨ ਦੇਵ ਜੀ ਰਾਗ ਭੈਰਉ ਵਿਚ ਆਪਣੇ ਆਪ ਨੂੰ ਹਿੰਦੂਆਂ ਮੁਸਲਮਾਨਾਂ ਦੋਹਾਂ ਤੋਂ ਨਖੇੜ ਕੇ ਦੱਸਦੇ ਹਨ :

ਵਰਤ ਨ ਰਹਉ ਨ ਮਹ ਮਰਦਾਨਾ ।
ਤਿਸ ਸੇਵੀ ਜੋ ਰਖੈ ਨਿਦਾਨਾ ।
ਏਕੁ ਗੁਸਾਈ ਅਲਹੁ ਮੇਰਾ ।
ਹਿੰਦੂ ਤੁਰਕ ਦੁਹਾਂ ਨਿਬੇਰਾ ।
ਹਜ ਕਾਬੈ ਜਾਉ ਨ ਤੀਰਥ ਪੂਜਾ ।
ਏਕੋ ਸੇਵੀ ਅਵਰੁ ਨ ਦੂਜਾ ।
ਪੂਜਾ ਕਰਉ ਨ ਨਿਵਾਜ ਗੁਜਾਰਉ ।
ਏਕੋ ਨਿਰੰਕਾਰ ਲੇ ਰਿਦੈ ਨਮਸਕਾਰਉ ।
ਨਾ ਹਮ ਹਿੰਦੂ ਨ ਮੁਸਲਮਾਨ ।
ਅਲਹ ਰਾਮ ਕੇ ਪਿੰਡ ਪਰਾਨ ।

ਗੁਰੂ ਨਾਨਕ ਨੂੰ ਵਰਤਮਾਨ ਧਰਮਾਂ ਵਿਚੋਂ ਕਿਸੇ ਵੀ ਇਕ ਧਰਮ ਦੇ ਘੇਰੇ ਵਿਚ ਬੰਨ੍ਹਿਆ ਨਹੀਂ ਜਾ ਸਕਦਾ। ਇਸ ਵਿਚ ਸੰਦੇਹ ਨਹੀਂ ਕਿ ਸਿੱਖ ਧਰਮ ਨੇ ਗੁਰੂ ਨਾਨਕ ਅਤੇ ਉਸਦੀ ਬਾਣੀ ਨੂੰ ਸਭ ਤੋਂ ਵੱਧ ਅਪਣਾਇਆ ਹੈ .... ਪਰ ਸਿੱਖ ਧਰਮ ਦਾ ਰੂਪਵਾਦ ਗੁਰੂ ਨਾਨਕ ਦੀ ਦੇਣ ਨਹੀਂ ।

ਗੁਰੂ ਨਾਨਕ ਤੋਂ ਲੈ ਕੇ ਗੁਰੂ ਤੇਗ ਬਹਾਦਰ ਤਕ ਇਹ ਧਰਮ ਨਿਰੋਲ ਵਿਚਾਰਧਾਰਾ ਆਸਰੇ ਚਲਿਆ। ਇਸ ਵਿਚਾਰਧਾਰਾ ਦੇ ਅਨੁਵਾਈਆਂ ਨੂੰ ਕਿਸੇ ਵੀ ਵਿਸ਼ੇਸ਼ ਬਾਣੇ ਜਾਂ ਨਾਂ ਦਾ ਰੂਪਵਾਦ ਪ੍ਰਾਪਤ ਨਹੀਂ ਸੀ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮੇਂ ਦੀ ਲੋੜ ਸਮਝ ਕੇ, ਸਿੱਖਾਂ ਨੂੰ ਜਥੇਬੰਦ ਕੀਤਾ ਤੇ ਖਾਲਸਾ ਪੰਥ ਦੀ ਨੀਂਹ ਧਰੀ। ਜਥੇਬੰਦੀ ਲਈ ਕੁਝ ਰਹਿਤ ਮਰਯਾਦਾ, ਵੇਸ, ਚਿੰਨ੍ਹ ਤੇ ਹੋਰ ਨਿਯਮ ਹੋਂਦ ਵਿਚ ਲਿਆਉਣੇ ਪਏ। ਗੁਰਬਾਣੀ ਵਿਚ ਕਿਸੇ ਰਹੁ ਰੀਤੀ, ਕਰਮ ਕਾਂਡ, ਪਹਿਰਾਵੇ ਦੀ ਪ੍ਰਵਾਨਤਾ ਨਹੀਂ ਸੀ, ਸਗੋਂ ਵਿਖਾਵੇ ਤੇ ਬਾਹਰਲੇ ਸਾਧਨਾਂ ਦੀ ਨਿਖੇਧੀ ਤੇ ਖੰਡਨ ਸੀ। ਜਥੇਬੰਦੀ ਲਈ ਇਹ ਜ਼ਰੂਰੀ ਸੀ ਤੇ ਉਨ੍ਹਾਂ ਹਾਲਾਤ ਵਿਚ ਇਹ ਸਭ ਕੁਝ ਠੀਕ ਸੀ। ਪ੍ਰੰਤੂ, ਇਹ ਲਿਖਾਈ ਗੁਰੂ ਨਾਨਕ ਦੇ ਪੂਰਨਿਆਂ ਤੇ ਨਹੀਂ ਸੀ ?

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾਂ ਨ ਘੁੰਮਿ ।
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ ॥

ਖਲਕ ਖਾਲਕ ਕੀ ਜਾਨ ਕਰ ਖਲਕ ਦੁਖਾਵੈ ਨਾਹਿ ।
ਖਲਕ ਦੁਖੈ ਨੰਦ ਲਾਲ ਜੀ ਖਾਲਕ ਕੰਪੈ ਤਾਹਿ ।

ਜਦੋਂ ਧਰਮ ਨੂੰ ਕਿਸੇ ਮਜ਼ਹਬ ਦੇ ਕੱਪੜੇ ਪਾਏ ਜਾਂਦੇ ਹਨ ਤਾਂ ਨਿੱਜੀ ਤੋਂ ਸਮੂਹਕ ਹੋਣ ਵੇਲੇ, ਕੁਝ ਸਾਂਝੇ ਤਰੀਕੇ ਮਿਥੇ ਜਾਣੇ ਜ਼ਰੂਰੀ ਹੋ ਜਾਂਦੇ ਹਨ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਕਾਰਾਂ ਨੂੰ ਧਾਰਨਾ ਜ਼ਰੂਰੀ ਕੀਤਾ ਤੇ ਚਾਰ ਕੁਰਹਿਤਾਂ ਤੋਂ ਮਨਾਹੀ ਕੀਤੀ । ਇਹ ਜਥੇ-ਬੰਦੀ ਲਈ ਨੀਅਤ ਕੀਤੀਆਂ ਰਹਿਤ-ਮਰਿਆਦਾਂ ਸਨ । ਇਸ ਦਾ ਸਬੰਧ ਜਥੇਬੰਦੀ ਨਾਲ ਸੀ ।

ਗੋਬਿੰਦ ਮਿਲਣ, ਨਾਮ ਜਪਣ ਨਾਲ ਨਹੀਂ ਸੀ ।

ਫੌਜ ਵਿਚ ਸਿਪਾਹੀ ਆਪਣੀ ਮਰਜ਼ੀ ਨਹੀਂ ਕਰ ਸਕਦਾ, ਅਫਸਰ ਦਾ ਹੁਕਮ ਮੰਨਣਾ, ਉਸ ਦਾ ਪਹਿਲਾ ਕਰਤੱਵ ਹੁੰਦਾ ਹੈ। ਇਸ ਲਈ ਸਿੰਘਾਂ ਲਈ ਜਥੇ-ਬੰਦੀ ਵਲੋਂ ਨੀਅਤ ਕੀਤੇ ਬੰਦਨਾਂ ਵਿਚ ਪੱਕੇ ਰਹਿਣਾ ਅਤੀ ਜ਼ਰੂਰੀ ਹੈ। ਇਸ ਤੋਂ ਕੋਈ ਮੁਆਫੀ ਨਹੀਂ । ਪਰ ਇਨ੍ਹਾਂ ਬੰਧਨਾਂ ਨੂੰ ਗੋਬਿੰਦ ਮਿਲਣ ਦਾ ਸਾਧਨ ਸਵੀਕਾਰ ਕਰਨਾ ਜਾਂ ਨਾਮ ਜਪਣ ਵਰਗੀ ਮਹੱਤਤਾ ਦੇਣੀ ਭੁਲ ਹੈ। ਨਾਮ ਜਪਣ ਦੀ ਆਪਣੀ ਥਾਂ ਹੈ ਅਤੇ ਬੰਧਨਾਂ ਦੀ ਆਪਣੀ ।

ਸੋ ਗੁਰੂ ਗੋਬਿੰਦ ਸਿੰਘ ਜੀ ਨੇ ਜੰਗੀ ਜਥੇਬੰਦੀ ਨੂੰ ਸਮੇਂ ਦੀ ਲੋੜ ਅਨੁਸਾਰ ਜੰਗੀ ਵਰਦੀ ਦਿਤੀ। ਤੰਬਿਆਂ ਧੋਤੀਆਂ ਦੀ ਥਾਂ ਚੁਸਤ ਕਛਹਿਰਾ ਦਿਤਾ। ਗੁਟ ਤੇ ਤਲਵਾਰ ਦੇ ਵਾਰ ਨੂੰ ਰੋਕਣ ਲਈ ਲੋਹੇ ਦਾ ਕੜਾ ਦਿਤਾ । ਇਹ ਕੜਾ ਤਲਵਾਰ ਚਲਾਣ ਵਾਲੇ ਹੱਥ ਤੇ ਪਾਇਆ ਜਾਂਦਾ ਸੀ ਅਤੇ ਚਿੰਨ੍ਹ ਰੂਪ ਵਿਚ ਇਹ ਸ਼ਕਤੀਵਰ ਹੱਥ ਤੇ ਬੰਧਨ ਵੀ ਸੀ। ਸ਼ਕਤੀ ਦੀ ਗਲਤ ਵਰਤੋਂ ਕਰਨ ਤੋਂ ਰੋਕਣ ਲਈ ਯਾਦ ਚਿੰਨ੍ਹ ਸੀ। ਇਹ ਜੰਗੀ ਜਥੇਬੰਦੀ ਨਿਰੋਲ ਲੋਕਾਂ ਦੀ ਸੀ ਜਿਸ ਨੂੰ ਕਿਸੇ ਵੀ ਰਾਜ ਦੀ ਸਹਾਇਤਾ ਪ੍ਰਾਪਤ ਨਹੀਂ ਸੀ ।

ਹਥਿਆਰ ਪੂਰੇ ਨਹੀਂ ਸਨ ਹੁੰਦੇ । ਲੋਹੇ ਦੀ ਟੋਪੀਆਂ ਦੀ ਥਾਂ ਕੇਸ ਅਤੇ ਪਗੜੀ ਜ਼ਰੂਰੀ ਕਰ ਦਿੱਤੀ। ਕੇਸਾਂ ਦੀ ਸੰਭਾਲ ਲਈ ਪਹਿਲਾਂ ਛੋਟੀ ਪੱਗ ਬੰਨ੍ਹੀ ਜਾਂਦੀ ਸੀ ਅਤੇ ਤਲਵਾਰਾਂ ਦੇ ਵਾਰ ਨੂੰ ਰੋਕਣ ਲਈ ਵੱਡੀ ਪੱਗ, ਜੋ ਵੇਲੇ ਕੁਵੇਲੇ ਜੰਗੀ ਹਾਲਾਤ ਵਿਚ ਰੱਸੇ ਦਾ ਕੰਮ ਵੀ ਦਿੰਦੀ ਸੀ। ਜੰਗੀ ਸਿਪਾਹੀ ਦਾ ਚੁਸਤ ਹੋਣਾ ਬੜਾ ਜ਼ਰੂਰੀ ਹੈ। ਇਸ ਲਈ ਕੇਸਾਂ ਦੀ ਸਫਾਈ ਅਤੇ ਵਾਹੇ ਜਾਣਾ ਵੀ ਜ਼ਰੂਰੀ ਹੈ। ਇਸ ਲਈ ਕੰਘੇ ਦਾ ਕੇਸਾਂ ਵਿਚ ਰੱਖਣਾ ਹੀ ਚੰਗਾ ਹੈ ।

ਇਹ ਜੱਥੇਬੰਦੀ ਜ਼ੁਲਮ ਵਿਰੁੱਧ ਜੰਗੀ ਜਥੇਬੰਦੀ ਸੀ ਇਸ ਲਈ ਆਪਣੇ ਬਚਾਉ ਲਈ ਅਤੇ ਦੁਖੀ, ਗਰੀਬ ਮਜ਼ਲੂਮ ਦੇ ਬਚਾਓ ਲਈ ਹਰ ਵੇਲੇ ਕਿਰਪਾਨ ਦਾ ਹੋਣਾ ਵੀ ਜ਼ਰੂਰੀ ਹੈ ਅਤੇ ਹਾਲਾਤ ਦੀ ਲੋੜ ਅਨੁਸਾਰ ਵਰਤਣਾ ਵੀ ਜ਼ਰੂਰੀ ਹੈ

ਸੋ ਕਕਾਰ ਇਕ ਫੌਜੀ ਵਰਦੀ ਹੈ। ਸ: ਗੁਰਬਖਸ਼ ਸਿੰਘ ਜੀ 'ਪ੍ਰੀਤਲੜੀ' ਵਾਲਿਆਂ ਵੱਲੋਂ ਪਰਮ-ਮਨੁੱਖ ਨਾਮੇ ਇਕ ਲੇਖ ਛਪਿਆ ਸੀ —

"ਗੁਰੂ ਗੋਬਿੰਦ ਸਿੰਘ ਜੀ ਦਾ ਮਕਸਦ ਕੋਈ ਨਵਾਂ ਮਜ਼੍ਹਬ ਚਲਾਣ ਲਈ ਜੱਦੋਜਹਿਦ ਨਹੀਂ ਸੀ ........ ਸਿਆਸੀ ਹਿੰਦੋਸਤਾਨ ਵਿਚ ਉਹ ਛਾਪਾ-ਮਾਰ ਜੰਗ ਦੇ ਬਾਨੀ ਸਨ ....... ਗੁਰੂ ਸਾਹਿਬ ਦਾ ਮਿਸ਼ਨ ਕੋਈ ਵੱਖਰਾ ਮਜ਼੍ਹਬ ਚਲਾਣਾ ਨਹੀਂ ਸੀ, ਸਗੋਂ ਖੁਲਸਾ ਸੇਵਕਾਂ ਦੀ ਇਕ ਮੁਕਤੀ ਫੌਜ ਜੋੜਨਾ ਸੀ ਜਿਹੜੀ ਇਨਸਾਫ ਦੀ ਰਾਖੀ ਤੇ ਲੋੜਵੰਦਾਂ ਦੀਆਂ ਔਕੜਾਂ ਦੂਰ ਕਰ ਸਕਦੀ ਹੋਵੇ ਅਤੇ ਆਪਣੇ ਹੱਕ ਛੱਡ ਕੇ ਸਿਰਫ ਦੂਜੀਆਂ ਦੇ ਹੱਕਾਂ ਦੀ ਰਖਵਾਲੀ ਕਰ ਸਕੇ। ..... ਲੇਕਿਨ ਇਨ ਕੇ ਆਪਣੇ ਸਿੱਖੋਂ ਨੇ ਹੀ ਇਨ ਕੀ ਤਾਲੀਮ ਕੋ ਮਜ਼੍ਹਬ ਕਾ ਰੂਪ ਦੇ ਦੀਆ ਹੈ, ਹਾਲਾਂ ਕਿ ਗੁਰੂ ਸਾਹਿਬ ਨੇ ਇਸ ਤਾਲੀਮ ਕੋ ਇਕ ਰਸਤਾ ਪੰਥ ਹੀ ਕਿਹਾ ਹੈ ।"

ਇਸੇ ਤਰ੍ਹਾਂ ਇਕ ਹੋਰ ਸਿੱਖ ਵਿਦਵਾਨ ਦਾ ਬਿਆਨ ਹੈ ... "ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਣਾ ਇਕ ਖਾਸ ਮਕਸਦ ਕੇ ਲੀਏ ਕੀ ਥੀ, ਮਜ਼੍ਹਬ ਸੇ ਇਸ ਕਾ ਕੋਈ ਵਾਸਤਾ ਨਹੀਂ ।"

**FLEXIBLE PREMIUM LIFE INSURANCE TAILOR-MADE**

To your needs which you can afford.

TOGETHER WE ARE STRONGER
NORTH AMERICAN LIFE

INSURANCE FOR

- Personal
- Children
- Mortgage
- RRSP
- Group Insuranc & Annuities

CONTACT

ਪਰਸਨਲ, ਬਿਜ਼ਨਿਸ, ਗਰੁੱਪ ਇੰਨਸ਼ੋਰੈਂਸ ਲੋੜਾਂ ਅਤੇ ਫਾਈਨੈਂਸ਼ਲ ਪਲੈਨਿੰਗ ਲਈ

**Ph. 270-2100**

11420 Granville Ave. Richmond, B.C. V6Y 1R6

**Nagra Insurance Agencies**

# ਪਿਆ ਮੱਥੇ ਵੱਟ ਹੈ ਰਹਿੰਦਾ

—ਡਾ. ਰਣਜੀਤ ਸਿੰਘ—

ਜਿਹੜੇ ਲੋਕ ਹਮੇਸ਼ਾਂ ਖਿੜੇ ਮੱਥੇ ਰਹਿੰਦੇ ਹਨ ਅਤੇ ਸਭਨਾਂ ਨਾਲ ਖਿੜੇ ਮੱਥੇ ਪੇਸ਼ ਆਉਂਦੇ ਹਨ ਉਹ ਲੋਕਾਂ ਵਿਚ ਹਰਮਨ ਪਿਆਰੇ ਹੋ ਜਾਂਦੇ ਹਨ। ਅਜਿਹੇ ਮਨੁੱਖਾਂ ਨੂੰ ਸਾਰੇ ਮਿਲਣਾ ਲੋਚਦੇ ਹਨ ਅਤੇ ਮਿਲ ਕੇ ਅਨੰਦ ਪ੍ਰਾਪਤ ਹੁੰਦਾ ਹੈ। ਕੁਝ ਅਜਿਹੇ ਵੀ ਮਨੁੱਖ ਹੁੰਦੇ ਹਨ ਜਿਨ੍ਹਾਂ ਦੇ ਮੱਥੇ ਹਮੇਸ਼ਾਂ ਵੱਟ ਪਏ ਰਹਿੰਦੇ ਹਨ। ਅਜਿਹੇ ਮਨੁੱਖ ਦੇ ਮੱਥੇ ਦੀਆਂ ਤਿਊੜੀਆਂ ਵੇਖ ਕੋਈ ਵੀ ਉਨ੍ਹਾਂ ਦੇ ਨੇੜੇ ਨਹੀਂ ਢੁਕਦਾ, ਕੋਈ ਵੀ ਉਨ੍ਹਾਂ ਨਾਲ ਗੱਲ ਕਰਨੀ ਪਸੰਦ ਨਹੀਂ ਕਰਦਾ। ਇਕ ਆਮ ਕਹਾਵਤ ਹੈ ਕਿ ਜਦੋਂ ਤੁਸੀਂ ਹੱਸਦੇ ਹੋ ਤਾਂ ਸਾਰੇ ਤੁਹਾਡੇ ਨਾਲ ਹੱਸਦੇ ਹਨ ਪਰ ਜਦੋਂ ਤੁਸੀਂ ਰੋਂਦੇ ਹੋ ਤਾਂ ਤੁਸੀਂ ਇਕੱਲੇ ਰਹਿ ਜਾਂਦੇ ਹੋ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਜੀਵਨ ਵਿਚ ਮੁਸ਼ਕਲਾਂ ਆਉਂਦੀਆਂ ਹਨ, ਕਈ ਵੇਰ ਨਮੋਸ਼ੀ ਦਾ ਮੂੰਹ ਵੀ ਵੇਖਣਾ ਪੈਂਦਾ ਹੈ, ਦੂਜਿਆਂ ਦੀਆਂ ਗੱਲਾਂ ਵੀ ਸੁਨਣੀਆਂ ਪੈਂਦੀਆਂ ਹਨ, ਕਈ ਵੇਰ ਮੂਡ ਵੀ ਖਰਾਬ ਹੋ ਜਾਂਦਾ ਹੈ ਪ੍ਰੰਤੂ ਇਸ ਦਾ ਇਹ ਭਾਵ ਨਹੀਂ ਕਿ ਤੁਸੀਂ ਆਪਣੇ ਆਪ ਨੂੰ ਆਪਣੇ ਆਪ ਵਿਚ ਹੀ ਸਮੇਟ ਲਵੋ। ਲੋਕਾਂ ਦੇ ਮੱਥੇ ਲਗਣੋਂ ਕੰਨੀ ਕਤਰਾਉਣ ਲਗ ਪਵੋ ਅਤੇ ਜਿਸ ਕਿਸੇ ਤੁਹਾਡੇ ਵਿਰੁਧ ਕੁਝ ਆਖਿਆ ਹੋਵੇ ਉਸ ਨਾਲ ਨਰਾਜ਼ ਹੋ ਜਾਵੋ। ਇਞ ਤੁਸੀਂ ਕਿਸੇ ਦਾ ਕੁਝ ਨਹੀਂ ਵਿਗਾੜੋਗੇ ਸਗੋਂ ਆਪਣੇ ਆਪ ਨੂੰ ਸਜ਼ਾ ਦੇ ਰਹੇ ਹੋ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਨੁੱਖ ਦੇ ਮਨ ਉਤੇ ਅਣਸੁਖਾਵੀਆਂ ਘਟਨਾਵਾਂ ਦਾ ਅਸਰ ਜ਼ਰੂਰ ਹੁੰਦਾ ਹੈ ਪ੍ਰੰਤੂ ਵੇਖਣ ਵਾਲੀ ਗੱਲ ਇਹ ਹੈ ਕਿ ਅਜਿਹੀ ਸਥਿਤੀ ਦਾ ਮੁਕਾਬਲਾ ਕਿਸ ਬਹਾਦਰੀ ਨਾਲ ਕੀਤਾ ਜਾਂਦਾ ਹੈ। ਹਰ ਵੇਲੇ ਆਪਣੇ ਦੁੱਖਾਂ ਦਾ ਰੋਣਾ ਰੋਂਦੇ ਰਹਿਣਾ ਜਾਂ ਫਿਰ ਆਪਣੀ ਅਸਫਲਤਾ ਦਾ ਦੋਸ਼ ਦੂਜਿਆਂ ਉਤੇ ਸੁੱਟੀ ਜਾਣਾ ਆਪਣੇ ਆਪ ਨੂੰ ਤਾਂ ਦੁਖੀ ਕਰ ਹੀ ਰਹੇ ਹੁੰਦੇ ਹੋ ਪ੍ਰੰਤੂ ਦੂਜੇ ਬੰਦੇ ਤੁਹਾਥੋਂ ਕੰਨੀ ਕਤਰਾਉਣ ਲਗ ਜਾਂਦੇ ਹਨ। ਜਿਹੜਾ ਮਨੁੱਖ ਹਰ ਵੇਲੇ ਆਪਣੇ ਦੁੱਖਾਂ ਦੀਆਂ ਕਹਾਣੀਆਂ ਪਾਉਂਦਾ ਰਵੇ ਜਾਂ ਫਿਰ ਦੂਜਿਆਂ ਨੂੰ ਕੋਸਦਾ ਰਵੇ ਉਸ ਕੋਲ ਜਾਣ ਤੋਂ ਹੌਲੀ ਹੌਲੀ ਸਾਰੇ ਕੰਨੀ ਕਤਰਾਉਣ ਲਗਦੇ ਹਨ। ਅਜਿਹੇ ਮਨੁੱਖਾਂ ਨੂੰ ਰੋਣੀ ਸੂਰਤ ਜਾਂ "ਦੁਖੀਆ ਰਾਮ" ਦੇ ਨਾਮ ਨਾਲ ਪੁਕਾਰਦੇ ਹਨ।

ਹਰ ਮਨੁੱਖ ਦਾ ਗਮ ਆਪਣਾ ਹੁੰਦਾ ਹੈ ਇਸ ਕਰਕੇ ਇਸ ਨੂੰ ਆਪਣੇ ਅੰਦਰ ਸਮੇਟ ਕੇ ਰੱਖਣਾ ਚਾਹੀਦਾ ਹੈ। ਜੇਕਰ ਤੁਹਾਡੇ ਨਾਲ ਕਿਤੇ ਵਧੀਕੀ ਹੋਈ ਵੀ ਹੈ ਤਾਂ ਉਸ ਦੇ ਕਾਰਨ ਦੀ ਖੋਜ ਕਰੋ ਅਤੇ ਅੱਗੋਂ ਤੋਂ ਅਜਿਹੀ ਵਧੀਕੀ ਰੋਕਣ ਲਈ ਯਤਨ ਕਰੋ। ਸੰਸਾਰ ਵਿਚ ਦੇਰ ਤਾਂ ਹੋ ਜਾਂਦੀ ਪਰ ਅੰਧੇਰ ਨਹੀਂ ਹੈ। ਉਂਞ ਵੀ ਨਿਰਾਸਤਾ ਕਿਸ ਕੋਲ ਨਹੀਂ ਹੈ? ਵਧੀਕੀ ਕਿਸ ਨਾਲ ਨਹੀਂ ਹੁੰਦੀ? ਫਰੀਦ ਜੀ ਦੇ ਕਥਿਨ ਅਨੁਸਾਰ :

ਫਰੀਦਾ ਮੈ ਜਾਤਾ ਦੁਖ ਮੁਝ ਕੋ
ਦੁਖ ਸਬਾਇਆ ਜਗ।
ਉਚੇ ਚੜ੍ਹ ਕੇ ਵੇਖਿਆ
ਘਰ ਘਰ ਇਹੋ ਅੱਗ।



ਇਸ ਕਰਕੇ ਹਰ ਵੇਲੇ ਆਪਣੇ ਦੁੱਖੜੇ ਰੋਈ ਜਾਣਾ ਮਨੁੱਖ ਨੂੰ ਨਿਰਾਸ਼ਾਵਾਦੀ ਬਣਾ ਦਿੰਦਾ ਹੈ।

ਭਾਵੇਂ ਕੁਝ ਵੀ ਹੋਵੇ ਦੂਜਿਆਂ ਨੂੰ ਹਮੇਸ਼ਾਂ ਖਿੜੇ ਮੱਥੇ ਮਿਲੋ। ਨਿਰਾਸ਼ਾ ਵਿਚੋਂ ਵੀ ਆਸ ਦੀ ਕਿਰਨ ਵੇਖਣ ਦੀ ਆਦਤ ਪਾਵੋ। ਲੋਕੀਂ ਤੁਹਾਨੂੰ ਮਿਲ ਕੇ ਖੁਸ਼ ਹੋਣਗੇ। ਉਨ੍ਹਾਂ ਨੂੰ ਹਮੇਸ਼ਾਂ ਤੁਹਾਡੀ ਮੁਲਾਕਾਤ ਦੀ ਤਾਂਘ ਰਹੇਗੀ। ਜੀਵਨ ਨਿਰੀ ਫੁੱਲਾਂ ਦੀ ਸੇਜ ਨਹੀਂ ਹੈ। ਮੁਸ਼ਕਲਾਂ ਵੀ ਜੀਵਨ ਦਾ ਅੰਗ ਹਨ। ਉਂਞ ਵੀ ਜਿਥੇ ਫੁਲ ਹੋਣਗੇ ਉਥੇ ਨਾਲ ਕੰਡੇ ਤਾਂ ਹੁੰਦੇ ਹੀ ਹਨ। ਇਸ ਕਰਕੇ ਛੋਟੀਆਂ ਮੋਟੀਆਂ ਹਾਰਾਂ ਜਾਂ ਨਿਰਾਸਤਾਵਾਂ ਨੂੰ ਦੇਖ ਕੇ ਘਬਰਾ ਨਹੀਂ ਜਾਣਾ ਚਾਹੀਦਾ। ਸਗੋਂ ਇਨ੍ਹਾਂ ਨੂੰ ਸਹਿਜ ਸੁਭਾ ਲੈਣਾ ਚਾਹੀਦਾ ਹੈ।

ਆਪਣੇ ਸੁਭਾ ਨੂੰ ਅਜਿਹਾ ਢਾਲਣ ਦੀ ਕੋਸ਼ਿਸ਼ ਕਰੋ ਕਿ ਲੋਕੀਂ ਇਸ ਦੀ ਸਿਫਤ ਕਰਨ। ਕਿਸੇ ਵੀ ਵਧੀਕੀ, ਹਾਰ ਜਾਂ ਨਿਰਾਸ਼ਤਾ ਕਰ ਕੇ ਤਾਂ ਚਲੋ ਉਦਾਸੀ ਜਾਂ ਝੁੰਝਲਾਹਟ ਆ ਵੀ ਜਾਵੇ ਪਰ ਕਈਆਂ ਦੀ ਤਬੀਅਤ ਅਜਿਹੀ ਹੁੰਦੀ ਹੈ ਕਿ ਐਵੇਂ ਛੋਟੀਆਂ ਛੋਟੀਆਂ ਗੱਲਾਂ ਕਾਰਨ ਹੀ ਉਦਾਸ ਹੋ ਜਾਂਦੇ ਹਨ ਜਾਂ ਖਿਝ ਚੜ੍ਹਾ ਲੈਂਦੇ ਹਨ। ਅਜਿਹੇ ਮਨੁੱਖ ਕਿਸੇ ਦੂਜੇ ਦੀ ਪ੍ਰਸੰਸਾ ਸਹਿਣ ਨਹੀਂ ਕਰ ਸਕਦੇ ਉਨ੍ਹਾਂ ਨੂੰ ਇਞ ਜਾਪਦਾ ਹੈ ਕਿ ਜਿਵੇਂ ਦੂਜੇ ਦੀ ਪ੍ਰਸੰਸਾ ਉਨ੍ਹਾਂ ਨੂੰ ਚਿੜਾਉਣ ਲਈ ਹੀ ਕੀਤੀ ਜਾ ਰਹੀ ਹੈ। ਖੁਸ਼ਮਿਜ਼ਾਜ ਵਿਅਕਤੀ ਉਹ ਹੈ ਜਿਹੜਾ ਦੂਜੇ ਦੀ ਪ੍ਰਸੰਸਾ ਸੁਣ ਕੇ ਕੇਵਲ ਖੁਸ਼ ਹੀ ਨਹੀਂ ਹੁੰਦਾ ਸਗੋਂ ਲੋੜ ਅਨੁਸਾਰ ਦੂਜਿਆਂ ਦੀ ਪ੍ਰਸੰਸਾ ਕਰਦਾ ਵੀ ਹੈ।

ਦੂਜਿਆਂ ਦੀ ਪ੍ਰਸੰਸਾ ਕਰਨਾ ਸਿੱਖੋ। ਹਰ ਵੇਲੇ ਨੁਕਤਾਚੀਨੀ ਲੋਕਾਂ ਨੂੰ ਤੁਹਾਡੇ ਤੋਂ ਦੂਰ ਲੈ ਜਾਵੇਗੀ ਅਤੇ ਜਵਾਬ ਵਿਚ ਤੁਹਾਨੂੰ ਆਪਣੀ ਵੀ ਨੁਕਤਾਚੀਨੀ ਸੁਣਨੀ ਪਵੇਗੀ। ਕਿਸੇ ਮਤਲਬ ਲਈ ਝੂਠੀ ਪ੍ਰਸੰਸਾ ਚਾਪਲੂਸੀ ਅਖਵਾਉਂਦੀ ਹੈ ਪ੍ਰੰਤੂ ਸੱਚੀ ਪ੍ਰਸੰਸਾ ਦੂਜਿਆਂ ਦਾ ਪਿਆਰ ਜਿੱਤਦੀ ਹੈ। ਹਰ ਮਨੁੱਖ ਚਾਹੁੰਦਾ ਹੈ ਕਿ ਉਸ ਦੀਆਂ ਭਾਵਨਾਵਾਂ ਦੀ ਕਦਰ ਹੋਵੇ ਪ੍ਰੰਤੂ ਇਹ ਉਦੋਂ ਹੀ ਹੋ ਸਕਦਾ ਹੈ ਜੇਕਰ ਤੁਸੀਂ ਦੂਜਿਆਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰੋ। ਦੋਸਤਾਂ ਸਾਥੀਆਂ ਤੇ ਰਿਸ਼ਤੇਦਾਰਾਂ ਦੀ ਖੁਸ਼ੀ ਤੇ ਗਮੀ ਵਿਚ ਸਚੇ ਮਨੋਂ ਸ਼ਰੀਕ ਹੋਣਾ ਚਾਹੀਦਾ ਹੈ। ਜੇਕਰ ਤੁਸੀਂ, ਦੂਜਿਆਂ ਨਾਲ ਹਾਸਾ ਮਖੌਲ ਕਰ ਸਕਦੇ ਹੋ ਤਾਂ ਤੁਹਾਨੂੰ ਆਪ ਨੂੰ ਵੀ ਇਸ ਲਈ ਤਿਆਰ ਹੋਣਾ ਚਾਹੀਦਾ ਹੈ। ਮਖੌਲ ਦਾ ਕਦੇ ਬੁਰਾ

(ਬਾਕੀ ਪੰਨਾ 21 ਤੇ)

JOBS JOBS JOBS JOBS JOBS

# OPPORTUNITY

$ $ $ $ $ $ $ $ $ $ $ $

EARN

**$400 - $1200/month**

**PART TIME**

**$3000 - $8000/month**

**FULL TIME**

ਮੌਕੇ ਦਾ ਫਾਇਦਾ ਉਠਾਓ !
ਕਮਾਓ

400 ਡਾਲਰ — 1200 ਡਾਲਰ ਪ੍ਰਤੀ ਮਹੀਨਾ (ਪਾਰਟ ਟਾਈਮ ਕੰਮ ਕਰਕੇ)
3000 ਡਾਲਰ — 8000 ਡਾਲਰ ਪ੍ਰਤੀ ਮਹੀਨਾ (ਪੂਰਾ ਸਮਾਂ ਕੰਮ ਕਰਕੇ)

ਤੁਸੀਂ ਪੰਜਾਬੀ, ਅੰਗਰੇਜ਼ੀ, ਹਿੰਦੀ ਜਾਂ ਗੁਜਰਾਤੀ ਇਕ ਬੋਲੀ ਵੀ ਜਾਣਦੇ ਹੋ ਤਾਂ ਫੋਨ ਕਰੋ :

**ਬਲਜੀਤ**
ਸਵੇਰੇ 9.00 ਵਜੇ ਤੋਂ ਸ਼ਾਮ ਦੇ 5.00 ਵਜੇ ਤੱਕ
ਸੋਮਵਾਰ ਤੋਂ ਸ਼ੁੱਕਰਵਾਰ 733-1644 (Bus.)
ਸ਼ਾਮ 6.00 ਵਜੇ ਤੋਂ 9.00 ਵਜੇ ਤੱਕ
438-3462 (Res.)
ਸ਼ਨਿਚਰਵਾਰ, ਐਤਵਾਰ ਜਾਂ ਛੁੱਟੀਆਂ — 1.00 ਵਜੇ ਤੋਂ 5.00 ਵਜੇ ਤੱਕ
438-3462

For more information call :
BALJEET
**9.00 a.m. - 5.00 p.m. Mon. - Fri. 733-1644 (Bus.)**
**6.00 p.m. - 9.00 p.m. at 438-3462 (Res.)**
**Sat., Sun. & Holidays**
**1.00 p.m. to 5.00 p.m. at 438-3462**

JOBS JOBS JOBS JOBS JOBS

## ਮੈਟਰੀਮੋਨੀਅਲ

ਇਕ 22-ਸਾਲਾ ਲੜਕੇ ਲਈ ਕੰਨਿਆ ਦੀ ਲੋੜ ਹੈ। ਲੜਕੇ ਦਾ ਕੱਦ 5 ਫੁੱਟ 8 ਇੰਚ ਹੈ। ਅਤੇ ਬੀ. ਕਾਮ ਪਾਸ ਕੀਤੀ ਹੋਈ ਹੈ। ਇਸ ਸਮੇਂ ਵੈਨਕੂਵਰ ਵਿਚ ਹੀ ਕੰਮ ਤੇ ਲੱਗਾ ਹੋਇਆ ਹੈ। ਨਾਲ ਹੀ ਹੋਟਲ ਮੈਨੇਜਮੈਂਟ ਦਾ ਕੋਰਸ ਕਰ ਰਿਹਾ ਹੈ। ਇਮੀਗਰੈਂਟ ਜਾਂ ਕੈਨੇਡੀਅਨ ਖਤੋ-ਖਿਤਾਬਤ ਕਰਨ। ਲੜਕੀ ਤੇ ਲੜਕਾ ਸਿੱਖ ਪ੍ਰਵਾਰ ਨਾਲ ਸੰਬੰਧਤ ਹਨ। ਖਤ ਲਿਖੋ :

**A S C**
**C/0 Canada Darpan**
**Box 67344 Stn. 0**
**Vancouver, B.C. V5W 3T1**

(ਪੰਨਾ 20 ਦੀ ਬਾਕੀ)

ਨਹੀਂ ਮਨਾਉਣਾ ਚਾਹੀਦਾ ਸਗੋਂ ਦੂਜਿਆਂ ਦੇ ਨਾਲ ਹੀ ਖੁਸ਼ ਹੋਣਾ ਚਾਹੀਦਾ ਹੈ। ਜੇਕਰ ਕਿਸੇ ਦੀ ਕੋਈ ਗੱਲ ਜਾਂ ਹਰਕਤ ਤੁਹਾਨੂੰ ਬੁਰੀ ਲੱਗੀ ਹੈ ਤਾਂ ਕੋਸ਼ਿਸ਼ ਕਰੋ ਕਿ ਤੁਹਾਡੇ ਭਾਵ ਤੁਹਾਡੇ ਚਿਹਰੇ ਤੋਂ ਪ੍ਰਗਟ ਨਾ ਹੋ ਸਕਣ।

ਕਦੇ ਕਿਸੇ ਦਾ ਦਿਲ ਦਿਖਾਉਣ ਵਾਲੀ ਗੱਲ ਨਹੀਂ ਕਰਨੀ ਚਾਹੀਦੀ। ਟੋਕ ਟੁਕਾਈ ਜਾਂ ਤਾਹਨੇ ਮਿਹਣੇ ਖਿੜੇ ਮੱਥੇ ਵਾਲਿਆਂ ਲਈ ਨਹੀਂ ਹਨ। ਖਿੜੇ ਮੱਥੇ ਵਾਲੇ ਲੋਕ ਦੂਜਿਆਂ ਨੂੰ ਮਿਲ ਕੇ ਖੁਸ਼ ਹੁੰਦੇ ਹਨ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਤੁਸੀਂ ਦੂਜਿਆਂ ਦੀ ਸਫਲਤਾ ਵੇਖ ਕੇ ਖੁਸ਼ ਹੋ ਸਕੋ। ਆਪਣੀ ਅਸਫਲਤਾ ਦੀ ਜ਼ੁੰਮੇਵਾਰੀ ਦੂਜਿਆਂ ਦੇ ਸਿਰ ਮੜ੍ਹਨ ਦੀ ਕੋਸ਼ਿਸ਼ ਨਾ ਕਰੋ। ਕਈਆਂ ਨੂੰ ਇਹ ਗਿਲਾ ਰਹਿੰਦਾ ਹੈ ਕਿ ਉਨ੍ਹਾਂ ਦੇ ਕੰਮ ਦੀ ਠੀਕ ਕਦਰ ਨਹੀਂ ਪੈ ਰਹੀ ਜਾਂ ਉਨ੍ਹਾਂ ਦੇ ਕੰਮ ਦਾ ਲਾਭ ਕੋਈ ਹੋਰ ਉਠਾ ਰਿਹਾ ਹੈ। ਅਜਿਹੀ ਸੋਚ ਕਿਸੇ ਹੋਰ ਦਾ ਕੁਝ ਨਹੀਂ ਵਿਗਾੜਦੀ ਸਗੋਂ ਤੁਹਾਡਾ ਸੁਭਾ ਚਿੜਚਿੜਾ ਬਣਾਉਂਦੀ ਹੈ ਅਤੇ ਦੂਜਿਆਂ ਤੋਂ ਦੂਰ ਲਿਜਾਂਦੀ ਹੈ।

ਆਪਣੀ ਆਲੋਚਨਾ ਸੁਣਨ ਲਈ ਵੀ ਤਿਆਰ ਰਹੋ। ਆਪਣੇ ਆਲੋਚਕਾਂ ਦਾ ਖਿੜੇ ਮੱਥੇ ਸਵਾਗਤ ਕਰੋ ਤਾਂ ਜੋ ਤੁਸੀਂ ਆਪਣੀਆਂ ਕਮੀਆਂ ਨੂੰ ਦੂਰ ਕਰ ਸਕੋ ਕਮੀਆਂ ਤਾਂ ਹਰ ਇਨਸਾਨ ਵਿਚ ਹੁੰਦੀਆਂ ਹਨ। ਇਸ ਕਰਕੇ ਜਿਹੜਾ ਇਨ੍ਹਾਂ ਬਾਰੇ ਜਾਨਣ ਦੀ ਕੋਸ਼ਿਸ਼ ਕਰਦਾ ਹੈ ਉਹ ਇਨ੍ਹਾਂ ਨੂੰ ਦੂਰ ਕਰ ਲੈਂਦਾ ਹੈ। ਹਾਦਸੇ ਤਾਂ ਜੀਵਨ ਦਾ ਅੰਗ ਹਨ। ਇਨ੍ਹਾਂ ਤੋਂ ਘਬਰਾਣਾ ਨਹੀਂ ਚਾਹੀਦਾ। ਰਾਤ ਪਿਛੋਂ ਸਵੇਰ ਜ਼ਰੂਰ ਆਉਂਦੀ ਹੈ। ਬੀਤੇ ਨੂੰ ਆਪਣੇ ਨਾਲ ਨਹੀਂ ਚੁੱਕੀ ਫਿਰਨਾ ਚਾਹੀਦਾ ਜੋ ਬੀਤ ਗਈ ਸੋ ਬੀਤ ਗਈ।

ਹਮੇਸ਼ਾਂ ਉਜਲੇ ਭਵਿਖ ਦੇ ਸੁਪਨੇ ਵੇਖੋ। ਫਿਰ ਤੁਹਾਨੂੰ ਸਭ ਚੰਗੇ ਲਗਣਗੇ, ਦੂਜਿਆਂ ਦੀ ਖੁਸ਼ੀ ਅਤੇ ਗਮੀ ਵਿਚ ਸੱਚੇ ਦਿਲੋਂ ਸ਼ਰੀਕ ਹੋ ਸਕੋਗੇ, ਉਨ੍ਹਾਂ ਦੀਆਂ ਪ੍ਰਾਪਤੀਆਂ ਦੀ ਪ੍ਰਸੰਸਾ ਕਰੋਗੇ ਅਤੇ ਆਪਣੀ ਆਲੋਚਨਾ ਖਿੜੇ ਮੱਥੇ ਸਵੀਕਾਰ ਕਰੋਗੇ। ਜੀਵਨ ਚਲਦੇ ਰਹਿਣ ਦਾ ਨਾਮ ਹੈ। ਜੀਵਨ ਦਾ ਸਫਰ ਤਾਂ ਪੂਰਾ ਕਰਨਾ ਹੀ ਹੈ ਫਿਰ ਕਿਉਂ ਨਾ ਇਸ ਨੂੰ ਖਿੜੇ ਮੱਥੇ ਪੂਰਾ ਕੀਤਾ ਜਾਵੇ। ਇੰਝ ਤੁਹਾਡੇ ਨਾਲ ਬਹੁਤ ਸਾਰੇ ਸਾਥੀ ਰਲ ਜਾਣਗੇ। ਸਾਥੀਆਂ ਨਾਲ ਦੁੱਖ ਵੀ ਭੁੱਲ ਜਾਂਦੇ ਹਨ ਅਤੇ ਹੱਸਦਿਆਂ ਖੇਡਦਿਆਂ ਸਫਰ ਪੂਰਾ ਹੋ ਜਾਂਦਾ ਹੈ।

---

ਚੰਡੀਗੜ੍ਹ ਦੀ ਸਕਤੇਰੀਅਤ ਵਿਚ ਬਹੁਤ ਸਾਰੀਆਂ ਮਿਸਾਲਾਂ ਮਿਲਦੀਆਂ ਹਨ, ਜਿਨ੍ਹਾਂ ਵਿਚ ਵੱਡੇ ਅਫਸਰਾਂ ਤੋਂ ਲੈ ਕੇ ਥੱਲੇ ਦੇ ਕਰਮਚਾਰੀਆਂ ਨੇ ਦੂਜੇ ਦੂਜੇ ਵਿਆਹ ਕੀਤੇ ਹਨ। ਜ਼ਾਬਤਾ ਕਾਰਵਾਈ ਅਤੇ ਕਾਨੂੰਨ ਦੀ ਜ਼ਦ ਤੋਂ ਬਚਣ ਲਈ ਉਹਨਾਂ ਨੇ ਇਸਲਾਮ ਧਰਮ ਨੂੰ ਅਪਣਾ ਲਿਆ ਹੈ।

—ਇਕ ਖ਼ਬਰ

(contd. from page 23)

appointment would convince the communalists that the others would not let his 'community' go ahead, an appointment would show that communalism paid. Communalism thus operated through a builtin accelerator". Communal ideology does have its own social appeal. Such communal propaganda smudges objective reality. The so-called discriminations are not caused by religious groups against one another but are rooted in underdevelopment.

The increasing communalisation of the secular spheres makes it difficult to find a solution to the problem which otherwise can be resolved. The contemporary crisis in Punjab has, as discussed, manifested itself in a communal form. The negotiated settlement of the demands raised by various groups involved may serve to alleviate the current intensity of the problem. This may, in turn, allow time for and provide an environment conducive to the organising and effective functioning of the secular forces as an alternative to the communal forces.

The major focus of these secular forces has to be the mobilisation of the peasantry which, so far, has refrained from participating or even sympathising with the activities of the extremists amongst the Hindu and the Sikh communalists. Comprehension of the problem must match the understanding of the emergence of various political and economic groups. For example, the incremental-conformist communalists can perhaps be persuaded to refrain from joining the secessionist-communalist ranks. These are essentially short-term solutions.

A planned industrialisation may help in the accommodation of emerging dominant agrarian and trading interests. However, it would be wrong to infer that the emerging agrarian and wellentrenched industrial interests would work together for the formation of India into a structured nation. The projection of clash of interest between the emerging agrarian bourgeosie and the 'central' bourgeosie has added a new dimension. The need is to take into consideration the aspirations and expectations of the emerging regional agrarian interests and have a regulated and planned industrialisation which would create a class of local industrial elite from within this emerging agrarian section, whose interest then, as a consequence of dependence through linkages, requirement for market etc. would be in consonance with that of the national industrialists. This question requires deeper analysis and understanding.

Unless a frontal attack is launched against communal ideology, the problem will persist. The need is to differentiate from time to time and in a specific situation different classes, strata a sections using communalism for the promotion and maintenance of their interests and also sections becoming prey to communal ideology. Therefore, there is need to understand the operation and use of communal ideology in its wider context. A realistic, scientific and long-term solution must reflect the visionary idea of a future ideal society, of course in consonance with the logic of development. A vigorous ideological struggle has to be launched to counter these trends and to inculcate the scientific temper and attitude. This alone can provide a lasting solution. (to be continued)

ISP INDIA SARI PALACE

6657 MAIN ST., VANCOUVER, B.C.
PHONE (604) 324-2565

ਧੜਾਧੜ ਨਵੇਂ ਨਵੇਂ ਡੀਜ਼ਾਈਨਾਂ ਤੇ ਰੰਗਾਂ ਵਿਚ ਕੱਪੜੇ ਦੀਆਂ ਸ਼ਿਪਮੈਂਟਾਂ ਪਹੁੰਚ ਰਹੀਆਂ ਹਨ!

ਸ੍ਰੀਦੇਵੀ ਸਾੜ੍ਹੀਆਂ ਹੁਣ ਤੁਹਾਨੂੰ ਸਿਰਫ ਆਈ. ਐਸ. ਪੀ. (ਇੰਡੀਆ ਸਾੜ੍ਹੀ ਪੈਲੇਸ) ਤੋਂ ਅਨੇਕਾਂ ਰੰਗਾਂ ਤੇ ਡੀਜ਼ਾਈਨਾਂ ਵਿਚ ਮਿਲ ਸਕਦੀਆਂ ਹਨ।



ਵਿਆਹਾਂ ਸ਼ਾਦੀਆਂ ਤੇ ਦਾਜ ਵਰੀ ਦਾ ਸਾਰਾ ਸਮਾਨ ਖਰੀਦਣ ਵਾਲੇ ਗਾਹਕਾਂ ਨੂੰ ਖਾਸ ਡਿਸਕਾਊਂਟ ਦਿੱਤਾ ਜਾਵੇਗਾ!

# PUNJAB CRISIS - Punjab On Its Knees

(ਇਹ ਪੁਸਤਕ ਅੰਗਰੇਜ਼ੀ ਵਿਚ ਸੈਂਟਰ ਫਾਰ ਰੀਸਰਚ ਇਨ ਰੂਰਲ ਐਂਡ ਡੀਵੈਲਮੈਂਟ, ਚੰਡੀਗੜ੍ਹ ਵਲੋਂ ਛਾਪੀ ਗਈ ਹੈ। ਇਸ ਵਿਚ ਪੰਜਾਬ ਵਿਚ ਹਿਂਦੂ ਅਤੇ ਸਿੱਖ ਫਿਰਕਾਪ੍ਰਸਤੀ ਦੇ ਕਾਰਨਾਂ ਦਾ ਗੰਭੀਰ ਵਿਸ਼ਲੇਸ਼ਣ ਹੈ। ਅਸੀਂ ਗੰਭੀਰ ਪਾਠਕਾਂ ਲਈ ਇਸਦੇ ਕੁਝ ਅੰਸ਼ ਛਾਪਣ ਦੀ ਖੁਸ਼ੀ ਲੈ ਰਹੇ ਹਾਂ ਤਾਂਕਿ ਉਹ ਪੰਜਾਬ ਮਸਲੇ ਨੂੰ ਗੰਭੀਰਤਾ ਨਾਲ ਸਮਝ ਸਕਣ — ਸੰਪਾਦਕ)

## Concluding Remarks

The persistence of communalism is a sort of invited sufferance due to the failure to launch a correct and consistent ideological political struggle for the spread of nationalism and class consciousness.

The non-communal forces have not yet launched any ideologocal struggle to counter communalism. Errors of perception and conception have inevitably led to a wrong understanding of the present situation. The attempt to extrapolate strategies without taking into consideration socio-cultural specificities has made the Left and non-communal forces ineffective in mobilising the people against such retrogressive tendencies. In Punjab, for example, a few individuals and section of the Left have in the past used certain aspects of religion and tradition and in turn provided legitimacy to such thought processes. Consequently, today it has become difficult for the Left parties to intervene effectively and meaningfully to counter reactionary trends. Unfortunately, the Left parties in India have lost sight of the fact that communal ideology has contributed to the blurring of class contradictions. It was assumed that communalism, being a pre-capitalist condition, would be subsumed with the development of capitalism. In India, changes in the socio-political and cultural spheres have not kept pace with economic changes. Though it may be possible to identify a historical relationship between economic and socio-cultural changes in advanced western societies, it is not historically correct to establish such a causal connection on purely logical grounds in India.

Communalism in India is a modern concept. No doubt it has incorporated some of the traditional ideological elements, but the content of present-day communalism derives sustenance from the new system of production and ideology. It, therefore, cannot be said that modern communalism is a pre-capitalist condition or that it has been caused by pre-capitalist structures or institutions.

It is the logic of a present socio-economic development which provides the life-force to communal ideology. Apart from the petty bourgeoisie, some individuals from amongst the merchants, rich peasants and emerging industrialists also constitute a major social base of communalism in Punjab. In a relatively stagnant economy they benefit from communalism in the short, run, in that they are able to secure incremental benefits like jobs, subsidies, loans, licences etc. Individuals belonging to these sections also use communal ideology to detract, blur and deny landless labourers, industrial workers and wage-earners their democratic rights. For instance their alignment of workers on the basis of communal identities weakens the trade union movement. The benefits which accrue to these individuals by the use and operation of communal ideology legitimise the communal politics articulating these interests.

Thus it is essential to formulate a strategy to comprehend and attack the social roots of communalism. The struggle cannot be confined only to objective reality. A subjective intervention is necessary to alter the value patterns and beliefs, keeping in mind the vision of an ideal society of the future.

We wish, therefore, to emphasise the point that even if the problem of uneven and unbalanced development is solved, it will not rule out the possibility of the reccurrence of communal tensions. These may change their form or colour, but the content would remain. In a communally surcharged environment, the formulation of a strategy to counter forces operating to maintain and enhance their political and economic power would undoubtedly require rigorous and consistent efforts.

It is widely believed that communalism is pervasive because of the religious intolerance and differences in religious practices. This conceptual artifact does not draw a distinction between communal ideology or the ideology of religious identity and religion as a belief system. The religious differences are used to mask real economic and political issues.

To understand and counter communalism it is necessary to recognise to religious factor as an important component of the crisis in Punjab. However, the strategy to counter communalism does not demand a frontal attack on religion as an ideology. Only those components of religion which promote and provide sustenance to communal ideology have to be countered. But here a relevant question may be posed. Can religion confine itself only to the personal sphere? Would it not extend its influence to other spheres of social, political and economic activities ? However, a strategy whose main focus is to attack the various factors contributing to communal ideology does not necessarily require a total condemnation of religion as an ideology, which can be counterproductive.

The much said and hammered notion that the Hindus, the Sikhs, and the Muslims are "bhai bhai" is an inadequate explanation of the nature of economic, social or political relations between followers of religions or actual exploitation which does not occur on a "community basis". This notion in fact reinforces and strengthens communal identities.

The use of communalism by all political parties in Punjab has further aggravated the problem and added to its complexity. This is certainly different from the established from of communalism between the Hindus and the Muslims. These political parties in general are not interested in fomenting communal riots, which are detrimental to the political and economic interests of section of their constituents.

The politics of accomnodation pursued by the Congress all these years has been an ad hoc response to the various complex rpoblems. Now there has been a shift from the accommodation of moderates to the appeasement of extremists, which has had disastrous consequences. The attempts at appeasement and efforts by the Congress to induce a sense of confidence in the extremists in itself, were motivated by a desire to contains such elements. This, however, has not been feasible since the appeasement of demands of the extremists, such as the implementation of the Anandpur Sahib relosution in toto, is not possible under the existing socio-economic and political arrangements. The raucous insistence of the extremists and the continued pampering of this section could isolate the Akali moderates. This could further strengthen the sense of discrimination prevalent amongest the Sikh communalists. The section of the Akalis eager to reach a negotiated settlement should not be ignored. To do so would strengthen the hands not of the Congress(I) but rather those of the extremists. This impasse would also eccentuate the fear psychosis and the continued apprehension of persecution of the Punjabi communal Hindus. "Communalism once developed cannot be appeased but has to be opposed."

The R.S.S. and the B.J.P., because of their ideological and economic compulsions, find themselves in a dilemma in the present situation. The R.S.S., with its ideological commitment to the idea of a "Hindu nation", is constrained from taking any militant posture in the Punjab crisis as this would lead to the weakening of the Hindu unity of their conception, which incorporates Sikhs among Hindus. The posture of the R.S.S. has belied the expectations of communal Hindus. The dilemma has made the R.S.S. ineffective and compelled its support base to look to the Congress(I) as the only possible integrative force. In the case of the B.J.P., the present posture is a conscious choice, determined by its desire of not appearing to be blatantly communal from fear of antagonising the minorities. This is evident from the speeches of various party functionaries of the B.J.P., blaming the present violence on anti-social elements and not on the Sikh communalists.

In the case of the Akali Dal, it is useful to identify various trends. This will help in making a correct assessment of the Akali Dal's role and perspective. During the mid-seventies three strong parallel trends surfaced in Sikh politics—the conformist-communalists, secessionist-communalists and incremental-communalists. Up to 1962, Master Tara Singh contained the Sikh fundamentalists, separatists and moderates. Sant Fateh Singh, on the other hand, countered the extremists by sheer political manoeuverings and contained Sikh fundamentalists by his charismaas a religious leader. After Sant Fateh Singh's exit, the successive political leadership followed the politics of confrontation. This was more so because of the compulsions of the situation. Within the Akali Dal there was a decline in religious charismatice leadership. The fundamentalists, secessionists and incrementalconformist communalists threw up their own respective leaderships and demands. For instance, the emergence of a strong Sikh fundamentalist leadership,

(conted. at page 23)

D. P. Pandia & Associates
Immigration Consultants
Serving the Community Since 1939

Ph. (604)684-3716
#61 - 553 Granville St. Vancouver, B.C.

ਇਮੀਗਰੇਸ਼ਨ ਬਾਰੇ ਸਲਾਹ ਲੈਣ ਲਈ ਡਾ: ਡੀ. ਪੀ. ਪਾਂਡੀਆ ਜਾਂ ਜਤਿੰਦਰ ਭਿਸਾਈ ਨੂੰ ਫੋਨ ਕਰੋ। ਡਾ: ਪਾਂਡੀਆ 1939 ਤੋਂ ਕਮਿਊਨਿਟੀ ਦੀ ਸੇਵਾ ਕਰ ਰਹੇ ਹਨ।

represented by Sant Jarnail Singh Bhindranwale, even question the SGPC's established leadership.

The incremental-conformist communalists advocate more autonomy for the States and greater claims over water resources, etc. They articulate these demands through traditional as well as modern structures and belief systems. This trend represents the interests of the rich Jat peasantry in particular. The Parkash Singh Badal faction withing Akali politics provides it its leadership.

The secessionist-communalist trend enjoys the sympathy and support of some individuals amongst the disgruntled unemployed youth, peasantry and urban Sikh traders. They propagate and use the feeling that Sikhs are either rulers or rebels and maintain that they are being treated as second class citizens by a "Hindu majority State". It is in this context that there is a need to draw a distinction between the State and polity. No doubt this distinction is analytical in a nature. The State policy of independent India has not been pro-communal. It is possible that some of the political institutions do make use of and propagate communal ideology. Some of the agents of the State are also the victims of communal ideology. But the Indian State can in no way be dubbed a "Hindu State" or communal.

Moreover the notion of "minority" or "majority" is a misnomer. The basis of such a notion is not merely a question of numbers but is, rather, a psychological one. In the contemporary situation this psychology is being fed by communal ideology. This is facilitated because the parameters used to identify a reference group, for characterising a particular group as a "minority" or a "majority", have been filtered through a communal prism. The notion of "majority" or "minority" is drawn on the basis of religion, and socio-economic demands are projected as being of the "minority" or "majority" religious groups. Such a propagation, in the event of non-realisation of these demands, has heightened religious intolerance, the outcome being the possibility of a theocratic or a fascist State.

A long-term strategy should be formulated even at the expense of foregoing short-term electoral or other gains. There is a need for the Left and non-communal parties to evaluate their own past or present electoral alliances. In order to identify the various non-communal forces it is desirable to understand the role played by various political parties and groups in promoting, maintaining and using communalism. The political parties in this context may be categorised on the basis of the following indicators:

a) Political parties or groups which have a communal content in their ideology and professedly propagate and use this ideology in their political programmes, e.g., R.S.S., Akali Dal, Muslim league, Jamat-e-Islami.

b) Political parties which do not have a communal content in their ideology and do not propagate such an ideology, but use it for political or electoral gains. For example, the ideology of the Congress may appear to be secular at the core, but it has used communally surcharged environments for its narrow ends and indirectly provided legitimacy to such an ideology, This kind of opportunistic communalism should be exposed, but at the same time a distinction should be made between it and the kind referred to in the first category while formulating a strategy to counter communalism.

In Punjab the issues being negotiated are different from the slogans on which the people are being mobilized. The negotiations are being held to resolve the territorial demands, the Ravi-Beas dispute etc., and the people are mobilised on religious lines and on the basis of communal ideology. The cultural and linguistic identities formed over a period of time may be the possible secular parameters characterising various groups at the level of socio-cultural interactions.

Religious intolerance in Punjab has increased during this period. Even minor variations in religious paracties are treated as an unforgivable sin and sometimes they evoke violent reactions as well. The gradual decline of the Sehjdhari Sikhs and the violent opposition to the Nirankaris are cases in point. Further, the demands for the installation of a transmitter at the Golden Temple, a ban on the sale of tobacco, meat and wine near hloy places and Vatican status for Amritsar are manifestations of the assertion of the identity of Sikhs fundamentalists. The Akali Dal has failed to contain or counter these tendencies as it does not have a charismatic religious leadership nor the religious or ideological instruments with which to contain fundamentalism.

The left parties and non-communal forces have been rendered ineffective for want of a clear understanding of the situation. The past alignments of the Left parties with communal elements for electoral gains has tended to legitimise the communal politics of other political groups. In the absence of a clear-cut Left alternative, and in the context of rising unemployment and a stagnant economy, the religious fundamentalists trend appeared to provide a psychological solution to the increasing miseries of the people. Pragmatic political interests or religious factors alone are not responsible for the emergence the these various trends; the nature of economic development also has a direct bearing on the present crisis.

The underdeveloped capitalist economy has failed to solve the basic problems of poverty, unemployment and inequality which breed frustration and generate unhealthy competition for the inadequate social and economic opportunities on communal lines. This benefits some of the individuals. Consequently, communalists evolve a self-serving rationale, "a non-

(conted. at page 21 )


# AIR-INDIA ANNOUNCES TWO WAYS TO FLY AIR-INDIA TO INDIA. AND LOTS OF REASONS WHY.

From Canada, it's simple to fly your airline to India.

**1.** Fly to New York and connect with Air-India for our 8:15 nightly departure for Delhi or Bombay.

**2.** Fly to London and pick up Air-India there.

You'll want to fly Air-India to India because no other airline treats you with such understanding. Because no other airline provides you with both continental and authentic Indian food, the latest Indian and western movies and music. Because no other airline is, after all, Indian.

So fly Air-India from Canada to India connecting in either New York or London. See your travel agent or contact our GSA Chalais Holdings and make your reservations now.



एअर-इंडिया

AIR-INDIA

WE'RE YOUR AIRLINE

Montreal: 842-1805 / 1-800-361-2813
Toronto: 865-1033 / 1-800-268-9582
Vancouver: 879-0271 / 1-800 663-3433

# MINT
# AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework ■ UNI - BODY repairs
- All work conditionally guaranteed
- Free estimates ■ Courtesy cars

ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਓ



ਭੁਪਿੰਦਰ ਸਹੋਤਾ
Bhupinder(Bob) Sihota






For further information call:

**Bhupinder(Bob) Sihota**

## Ph. 433-1207

## Mint Auto Body Ltd.

5590 Lane Street, BURNABY, B.C. V5H 2H5



# ROKKO SAREES & FABRICS

## 6201 Fraser Street
## VANCOUVER
## Tel: 327-3033

# ਰੋਕੋ ਸਾੜ੍ਹੀਜ਼ ਹਫ਼ਤੇ ਦੇ ਸੱਤੇ ਦਿਨ
# ਖੁੱਲ੍ਹਾ ਰਹਿੰਦਾ ਹੈ




## ਰੋਕੋ ਸਾੜ੍ਹੀਜ਼ ਉਤੇ ਹਰ ਮੰਗਲਵਾਰ ਨੂੰ
# ਸਪੈਸ਼ਲ ਸਪੈਸ਼ਲ ਸੇਲ ਲੱਗਦੀ ਹੈ